ਸ਼ਨੀਵਾਰ, 6 ਜੂਨ, 2026

23 ਜੇਠ { ਨਾਨਕਸ਼ਾਹੀ 558 / ਬਿਕਰਮੀ 2083

ਜਿਲਦ/VOL. : 75

ਅੰਕ/NO. : 5

ਰੋਜ਼ਾਨਾ

# ਨਵਾਂ ਜ਼ਮਾਨਾ

DAILY NAWAN ZAMANA • SATURDAY, 6 JUNE, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12



# ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਸਿਮਰਤੀ ਸਮਾਗਮ ਸਿਆਸੀ ਤੇ ਸਮਾਜੀ ਸਰੋਕਾਰਾਂ ਦਾ ਸੰਵਾਦ ਹੋ ਨਿੱਬੜਿਆ

**ਜਲੰਧਰ (ਗਿਆਨ ਸੈਦਪੁਰੀ)**

ਦੇਸ਼ ਭਗਤ ਯਾਦਗਾਰ ਕੰਪਲੈਕਸ ਦੇ ਵਿਸ਼ਣੂ ਗਣੇਸ਼ ਪਿੰਗਲੇ ਹਾਲ ਵਿੱਚ ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਸਿਮਰਤੀ ਸਮਾਗਮ ਜਿੱਥੇ ਉਨ੍ਹਾਂ ਦੀਆਂ ਯਾਦਾਂ ਦੀ ਚੰਗੇਰ ਭਰ ਗਿਆ, ਉਨ੍ਹਾਂ ਦੀ ਬਹੁਪੱਖੀ ਸ਼ਖਸੀਅਤ ਦੇ ਅਨੇਕਾਂ ਰੂਪਾਂ ਨੂੰ ਸਾਹਮਣੇ ਲਿਆਇਆ, ਉੱਥੇ ਇੱਕ ਉਸਾਰੂ ਸੰਵਾਦ ਛੇੜਦਿਆਂ ਇਸ ਨੂੰ ਹੋਰ ਪਾਸਾਰ ਦੇਣ ਦਾ ਅਹਿਦ ਵੀ ਕਰ ਗਿਆ ਅਤੇ ਤਰਕ ਵਿਗਿਆਨ, ਸਿਆਸੀ ਤੇ ਸਮਾਜਕ ਚੇਤਨਾ ਦਾ ਛੱਟਾ ਵੀ ਦੇ ਗਿਆ। ਮਾਤਾ ਮਹਿੰਦਰ ਕੌਰ, ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਕਾਮਰੇਡ ਗੁਰਮੀਤ, ਨਵਾਂ ਜ਼ਮਾਨਾ ਦੀ ਸੰਚਾਲਕ ਸੰਸਥਾ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ ਦੇ ਪ੍ਰਧਾਨ ਰਸ਼ਪਾਲ ਸਿੰਘ ਬੜਾ ਪਿੰਡ, ਡਾ. ਜਸ ਮੰਡ ਅਤੇ ਮਾਸਟਰ ਗੁਰਦੇਵ ਸਿੰਘ ਦੀ ਪ੍ਰਧਾਨਗੀ ਵਿੱਚ ਹੋਏ ਸਿਮਰਤੀ ਸਮਾਗਮ ਵਿੱਚ ਹਰ ਖੇਤਰ ਦੇ ਵਿਦਵਾਨ, ਬੁਲਾਰੇ ਤੇ ਸੈਂਕੜੇ ਸੂਝਵਾਨ ਸਰੋਤੇ ਸ਼ਾਮਲ ਹੋਏ।

ਸਟੇਜ ਸਕੱਤਰ ਬੀਰ ਰਹੀਮਪੁਰੀ ਨੇ ਸਮਾਗਮ ਦੀ ਭੂਮਿਕਾ ਬੰਨ੍ਹਦਿਆਂ ਕਿਹਾ ਕਿ ਕੋਈ ਅਜਿਹਾ ਖੇਤਰ ਨਹੀਂ, ਜਿਸ ਵਿੱਚ ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਦਾ ਵੱਖਰਾ ਨਿਆਰਾ ਰੂਪ ਸਾਹਮਣੇ ਨਾ ਆਇਆ ਹੋਵੇ। ਸੀ ਪੀ ਆਈ ਦੇ ਸਾਬਕਾ ਸੂਬਾ ਸਕੱਤਰ ਕਾਮਰੇਡ ਜਗਰੂਪ ਨੇ ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਨਾਲ ਸ਼ੁਰੂ ਹੋਏ ਮੇਲ-ਮਿਲਾਪ ਦਾ ਜ਼ਿਕਰ 55 ਸਾਲ ਪਹਿਲਾਂ ਹੋਏ ਇੱਕ ਸਮਾਗਮ ਦੇ ਹਵਾਲੇ ਨਾਲ ਕੀਤਾ। ਉਨ੍ਹਾ ਕਿਹਾ ਕਿ ਅੱਧੀ ਸਦੀ ਤੋਂ ਵੀ ਵੱਧ ਸਮਾਂ ਪਹਿਲਾਂ ਦੀਆਂ ਯਾਦਾਂ ਅੱਜ ਵੀ ਤਾਜ਼ਾ ਹਨ। ਸ਼ੁਗਲੀ ਵਿੱਚ ਇੱਕ ਨਿਰਾਲੀ ਸ਼ਖਸੀਅਤ ਸਨ, ਜੋ ਹਰੇਕ ਨੂੰ ਆਪਣੇ ਨਾਲ ਜੋੜ ਲੈਂਦੇ ਸਨ ਤੇ ਮਲਕੜੇ ਜਿਹੇ ਆਪਣੇ ਅੰਦਰਲੀ ਗੱਲ ਵੀ ਕਰ ਦਿੰਦੇ ਸਨ।

## ਤਰਕ ਦਾ ਵਿਗਿਆਨ ਸਮਝਣਾ ਜ਼ਰੂਰੀ : ਜਗਰੂਪ

ਸਮਾਗਮ ਵਿੱਚ ਦੇਸ਼ ਅੰਦਰ ਫਾਸ਼ੀਵਾਦ ਦੇ ਉਭਾਰ ਤੇ ਕਾਰਪੋਰੇਟੀ ਵਿਕਾਸ ਮਾਡਲ 'ਤੇ ਤੁਰੀ ਚਿੰਤਾ ਦੀ ਗੱਲ ਨੂੰ ਅੱਗੇ ਤੋਰਦਿਆਂ ਕਾਮਰੇਡ ਜਗਰੂਪ ਨੇ ਕਿਹਾ ਕਿ ਸਾਨੂੰ ਤਰਕ ਦੇ ਵਿਗਿਆਨ ਨੂੰ ਸਮਝ ਕੇ ਸਮੁੱਚਤਾ ਨੂੰ ਸੰਬੋਧਨ ਹੋਣਾ ਚਾਹੀਦਾ ਹੈ, ਜੋ ਨਹੀਂ ਹੋ ਰਿਹਾ। ਸਾਡੇ ਬਹੁਤ ਸਾਰੇ ਸਾਥੀ ਜਾਣੇ-ਅਣਜਾਣੇ ਆਰ ਐੱਸ ਐੱਸ ਦਾ ਪ੍ਰਚਾਰ ਕਰ ਜਾਂਦੇ ਹਨ। ਉਨ੍ਹਾ ਕਿਹਾ ਕਿ ਅਸੀਂ ਬਾਬੇ ਨਾਨਕ ਨੂੰ ਤਦ ਹੀ ਅਪਣਾ ਸਕਾਂਗੇ, ਜਦੋਂ ਏਕ ਉਂਕਾਰ ਦੇ ਫਲਸਫ਼ੇ ਨੂੰ ਸਮਝ ਲਵਾਂਗੇ। ਕਾਮਰੇਡ ਜਗਰੂਪ ਨੇ ਆਪਣੀ ਤਕਰੀਰ ਦੌਰਾਨ ਮਾਰਕਸਵਾਦੀ ਸਿਧਾਂਤ ਦੀ ਗੱਲ ਦੇ ਨਾਲ-ਨਾਲ ਡਾ. ਅੰਬੇਡਕਰ ਦੀ ਵੀ ਗੱਲ ਕੀਤੀ।

ਉੱਘੇ ਚਿੰਤਕ ਸਤਨਾਮ ਚਾਨਾ ਨੇ ਐਡਵੋਕੇਟ ਸ਼ੁਗਲੀ ਨੂੰ ਯਾਦ ਕਰਦਿਆਂ ਕਿਹਾ ਕਿ ਉਨ੍ਹਾਂ ਜੋ ਵੀ ਕੀਤਾ, ਉਹ ਕਿਰਤ ਦੀ ਕਦਰ ਵਧਾਉਣ ਲਈ ਕੀਤਾ। ਸ਼ੁਗਲੀ ਨਾਲ ਆਪਣੇ ਮੋਹ ਦੀ ਗੱਲ ਕਰਦਿਆਂ ਚਾਨਾ ਨੇ ਕਿਹਾ ਕਿ ਉਨ੍ਹਾਂ ਨਾਲ ਮੇਰਾ ਨਾਤਾ ਮੇਲ-ਮਿਲਾਪ ਦਾ ਹੀ ਨਹੀਂ, ਸਗੋਂ ਵਿਚਾਰਧਾਰਾ ਦਾ ਵੀ ਸੀ। ਉਨ੍ਹਾ ਕਿਹਾ ਕਿ ਇੱਕ ਸਾਲ ਪਹਿਲਾਂ 'ਜ਼ਿੰਦਗੀ ਦਾ ਜਸ਼ਨ' ਸਮਾਗਮ ਵਿੱਚ ਸ਼ੁਗਲੀ ਨੂੰ ਯਾਦ ਕਰਨ ਦਾ ਸਮਾਂ ਸੀ, ਹੁਣ ਵਾਲਾ ਸਮਾਗਮ ਉਹ ਕੀ ਸੋਚਦੇ ਸਨ ਤੇ ਕੀ ਚਾਹੁੰਦੇ ਸਨ, ਇਸ 'ਤੇ ਵਿਚਾਰਾਂ ਕਰਨ ਦਾ ਹੈ। ਉਨ੍ਹਾ ਦੇਸ਼ ਦੇ ਹਾਲਾਤ ਨੂੰ ਵੀ ਬਿਆਨ ਕੀਤਾ। ਉਨ੍ਹਾ ਕਿਹਾ ਕਿ ਫਾਸ਼ਿਸਟ ਤਾਕਤਾਂ ਨੂੰ ਖੱਬੀਆਂ ਧਿਰਾਂ ਦਾ ਮਜ਼ਬੂਤ ਏਕਾ ਹੀ ਪਛਾੜ ਸਕਦਾ ਹੈ।

ਉੱਘੇ ਵਿਸ਼ਲੇਸ਼ਕ ਤੇ ਪੱਤਰਕਾਰ ਸਤਨਾਮ ਸਿੰਘ ਮਾਣਕ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਕਾਰਪੋਰੇਟ ਵਿਕਾਸ ਮਾਡਲ ਨੇ ਲੋਕਾਂ ਨੂੰ ਨਿਹੱਥੇ ਕਰ ਦਿੱਤਾ ਹੈ। ਇਹੋ ਜਿਹੀਆਂ ਗੱਲਾਂ ਬਾਰੇ ਦੇਸ਼ ਭਗਤ ਯਾਦਗਾਰ ਹਾਲ ਵਾਲੇ ਅਕਸਰ ਵਿਚਾਰ-ਵਟਾਂਦਰਾ ਕਰਦੇ ਰਹਿੰਦੇ

• ਬਾਕੀ ਸਫਾ 2 'ਤੇ

# ਦਿੱਲੀ ਪੁਲਸ 'ਕਾਕਰੋਚਾਂ' ਤੋਂ ਤ੍ਰਭਕੀ

**ਨਵੀਂ ਦਿੱਲੀ (ਨ ਜ਼ ਸ)**

'ਕਾਕਰੋਚ ਜਨਤਾ ਪਾਰਟੀ' ਵੱਲੋਂ ਦਿੱਲੀ ਵਿਚ 6 ਜੂਨ ਨੂੰ ਪ੍ਰਦਰਸ਼ਨ ਨੂੰ ਲੈ ਕੇ ਦਿੱਲੀ ਪੁਲਸ ਚੌਕਸ ਹੋ ਗਈ ਹੈ। ਇੱਕ ਅਨੁਮਾਨ ਅਨੁਸਾਰ ਇਸ ਪ੍ਰਦਰਸ਼ਨ ਦੌਰਾਨ ਭਾਰੀ ਇਕੱਠ ਹੋ ਸਕਦਾ ਹੈ ਤੇ ਕਾਨੂੰਨ ਵਿਵਸਥਾ ਗੜਬੜਾ ਸਕਦੀ ਹੈ।

ਪੁਲਸ ਸਥਿਤੀ 'ਤੇ ਨੇੜਿਓਂ ਨਜ਼ਰ ਰੱਖ ਰਹੀ ਹੈ, ਭਾਵੇਂ ਕਿ ਪ੍ਰਬੰਧਕਾਂ ਨੇ ਹੁਣ ਤੱਕ ਪ੍ਰਦਰਸ਼ਨ ਲਈ ਕੋਈ ਇਜਾਜ਼ਤ ਨਹੀਂ ਮੰਗੀ ਹੈ। ਦਿੱਲੀ ਪੁਲਸ ਦੇ ਸੂਤਰਾਂ ਮੁਤਾਬਕ, ਪ੍ਰਸਤਾਵਿਤ ਪ੍ਰਦਰਸ਼ਨ ਲਈ ਇਜਾਜ਼ਤ ਮੰਗਣ ਵਾਲੀ ਕੋਈ ਅਰਜ਼ੀ ਹੁਣ ਤੱਕ ਪੁਲਸ ਨੂੰ ਨਹੀਂ ਮਿਲੀ ਹੈ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਪ੍ਰਦਰਸ਼ਨ ਸੰਬੰਧੀ ਜਾਣਕਾਰੀ ਸਿਰਫ਼ ਸੋਸ਼ਲ ਮੀਡੀਆ ਪੋਸਟਾਂ ਅਤੇ ਆਨਲਾਈਨ ਵਾਇਰਲ ਹੋ ਰਹੇ ਸੰਦੇਸ਼ਾਂ ਰਾਹੀਂ ਹੀ ਸਾਹਮਣੇ ਆਈ ਹੈ। ਸੂਤਰਾਂ ਨੇ ਦੱਸਿਆ ਕਿ ਦਿੱਲੀ ਪੁਲਸ ਵੱਲੋਂ ਪ੍ਰਸਤਾਵਿਤ ਪ੍ਰਦਰਸ਼ਨ ਦੇ ਮੱਦੇਨਜ਼ਰ ਵਿਆਪਕ ਪ੍ਰਬੰਧਾਂ ਦੀ ਯੋਜਨਾ ਬਣਾਈ ਜਾ ਰਹੀ ਹੈ। ਸੂਤਰਾਂ ਅਨੁਸਾਰ, ਸੁਰੱਖਿਆ ਉਪਾਵਾਂ ਅਤੇ ਹੋਰ ਪ੍ਰਬੰਧਾਂ ਬਾਰੇ ਫੈਸਲੇ ਉੱਭਰ ਰਹੀ ਸਥਿਤੀ ਅਤੇ ਪੁਲਸ ਨੂੰ ਮਿਲੇ ਇਨਪੁਟਸ ਦੇ ਆਧਾਰ 'ਤੇ ਲਏ ਜਾਣਗੇ। ਇਸੇ ਦੌਰਾਨ ਦਿੱਲੀ ਹਾਈ ਕੋਰਟ ਨੇ ਸ਼ੁੱਕਰਵਾਰ ਨੂੰ ਉਸ ਪਟੀਸ਼ਨ 'ਤੇ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ ਹੈ, ਜਿਸ ਵਿੱਚ 'ਕਾਕਰੋਚ ਜਨਤਾ ਪਾਰਟੀ' ਵੱਲੋਂ ਪ੍ਰੀਖਿਆ-ਸੰਬੰਧੀ ਖਾਮੀਆਂ ਨੂੰ ਲੈ ਕੇ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦੇ ਅਸਤੀਫੇ ਦੀ ਮੰਗ ਲਈ 6 ਜੂਨ ਨੂੰ ਦਿੱਲੀ ਦੇ ਜੰਤਰ-ਮੰਤਰ ਵਿਖੇ ਕੀਤੇ ਜਾਣ ਵਾਲੇ ਪ੍ਰਦਰਸ਼ਨ ਕਾਰਨ ਪੈਦਾ ਹੋਣ ਵਾਲੇ ਕਾਨੂੰਨ-ਵਿਵਸਥਾ ਦੇ ਮੁੱਦਿਆਂ ਨੂੰ ਉਠਾਇਆ ਗਿਆ ਸੀ। 'ਸੇਵ ਇੰਡੀਆ ਫਾਊਂਡੇਸ਼ਨ' ਦੇ ਵਕੀਲ ਨੇ ਜਸਟਿਸ ਸੌਰਭ ਬੈਨਰਜੀ ਅਤੇ ਜਸਟਿਸ ਅਮਿਤ ਸ਼ਰਮਾ ਦੇ ਛੁੱਟੀਆਂ ਵਾਲੇ ਬੈਂਚ ਦੇ ਸਾਹਮਣੇ ਤੁਰੰਤ ਸੁਣਵਾਈ ਲਈ ਪਟੀਸ਼ਨ ਪੇਸ਼ ਕੀਤੀ ਸੀ, ਪਰ ਬੈਂਚ ਨੇ ਕੇਸ ਨੂੰ ਸੂਚੀਬੱਧ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਮਹੀਨੇ ਦੇ ਸ਼ੁਰੂ ਵਿੱਚ, ਕਾਕਰੋਚ ਜਨਤਾ ਪਾਰਟੀ ਦੇ ਸੰਸਥਾਪਕ ਅਭਿਜੀਤ ਦੀਪਕੇ ਨੇ ਸਮਰਥਕਾਂ ਅਤੇ ਵਿਦਿਆਰਥੀਆਂ ਨੂੰ ਦਿੱਲੀ ਵਿੱਚ ਆਪਣੇ ਪ੍ਰਦਰਸ਼ਨ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਸੀ ਅਤੇ ਸਮਰਥਕਾਂ ਨੂੰ 6 ਜੂਨ ਨੂੰ ਹਵਾਈ ਅੱਡੇ 'ਤੇ ਵੀ ਇਕੱਠੇ ਹੋਣ ਦੀ ਅਪੀਲ ਕੀਤੀ ਸੀ। ਕਾਕਰੋਚ ਜਨਤਾ ਪਾਰਟੀ, ਜੋ ਕਿ ਨੌਜਵਾਨਾਂ ਵੱਲੋਂ ਚਲਾਇਆ ਜਾ ਰਿਹਾ ਇੱਕ ਸੋਸ਼ਲ ਮੀਡੀਆ ਅੰਦੋਲਨ ਹੈ, ਆਪਣੀ ਸ਼ੁਰੂਆਤ ਤੋਂ ਹੀ ਕਾਫੀ ਚਰਚਾ ਵਿੱਚ ਹੈ।




# ਹੁਣ ਸਾਨੂੰ ਭਾਰਤ ਤੋਂ ਚੰਗੀ ਕਮਾਈ : ਟਰੰਪ

**ਵਾਸ਼ਿੰਗਟਨ** : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇੱਕ ਚੰਗੇ ਦੋਸਤ ਹਨ ਅਤੇ ਉਨ੍ਹਾਂ ਨੇ ਭਰੋਸਾ ਪ੍ਰਗਟਾਇਆ ਕਿ ਸੰਯੁਕਤ ਰਾਜ ਅਮਰੀਕਾ ਅਤੇ ਭਾਰਤ ਇੱਕ ਵਪਾਰਕ ਸਮਝੌਤੇ 'ਤੇ ਪਹੁੰਚ ਜਾਣਗੇ। ਉਨ੍ਹਾ ਇਹ ਵੀ ਕਿਹਾ ਕਿ ਹੁਣ ਅਮਰੀਕਾ ਕਮਾਈ ਕਰ ਰਿਹਾ ਹੈ, ਜਦ ਕਿ ਪਹਿਲਾਂ ਭਾਰਤ ਨੇ ਰੱਜ ਕੇ ਕਮਾਈ ਕੀਤੀ ਹੈ।

ਵੀਰਵਾਰ ਨੂੰ ਓਵਲ ਆਫਿਸ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੰਪ ਨੇ ਕਿਹਾ ਕਿ ਅਸੀਂ ਇੱਕ ਸੌਦੇ 'ਤੇ ਪਹੁੰਚ ਜਾਵਾਂਗੇ ਕਿਉਂਕਿ ਮੈਂ ਪ੍ਰਧਾਨ ਮੰਤਰੀ ਮੋਦੀ ਨੂੰ ਬਹੁਤ ਪਸੰਦ ਕਰਦਾ ਹਾਂ, ਉਹ ਮੇਰੇ ਚੰਗੇ ਦੋਸਤ ਹਨ, ਸਾਡੀ ਬਹੁਤ ਵਧੀਆ ਬਣਦੀ ਹੈ ਅਤੇ ਅਸੀਂ ਇੱਕ ਸੌਦਾ ਕਰਨ ਜਾ ਰਹੇ ਹਾਂ। ਦੋਵਾਂ ਦੇਸ਼ਾਂ ਵਿਚਕਾਰ ਚੱਲ ਰਹੀ ਵਪਾਰਕ ਸੌਦੇ ਦੀ ਗੱਲਬਾਤ ਬਾਰੇ ਇੱਕ ਸਵਾਲ ਦੇ ਜਵਾਬ ਵਿੱਚ ਟਰੰਪ ਨੇ ਕਿਹਾ ਕਿ ਭਾਰਤ ਨੇ ਕਈ ਸਾਲਾਂ ਤੋਂ ਅਮਰੀਕੀ ਨੀਤੀਆਂ ਦਾ ਫਾਇਦਾ ਉਠਾਇਆ ਹੈ ਅਤੇ ਭਾਰੀ ਟੈਰਿਫ ਲਗਾਏ ਹਨ। ਟਰੰਪ ਨੇ ਕਿਹਾ ਕਿ ਉਹ ਸਾਡੀਆਂ ਕੰਪਨੀਆਂ 'ਤੇ ਬਹੁਤ ਜ਼ਿਆਦਾ ਟੈਰਿਫ ਲਗਾਉਂਦੇ ਸਨ ਅਤੇ ਅਸੀਂ ਉਨ੍ਹਾਂ 'ਤੇ ਕੁਝ ਵੀ ਨਹੀਂ ਲਗਾਉਂਦੇ ਸੀ। ਟਰੰਪ ਨੇ ਹਾਰਲੇ-ਡੇਵਿਡਸਨ ਮੋਟਰਸਾਈਕਲਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਉੱਚ ਟੈਰਿਫ ਕਾਰਨ ਅਮਰੀਕੀ ਨਿਰਮਾਤਾ ਲਈ ਭਾਰਤ ਵਿੱਚ ਆਪਣੇ ਦੋਪਹੀਆ ਵਾਹਨ ਵੇਚਣਾ ਮੁਸ਼ਕਲ ਹੋ ਗਿਆ ਸੀ। ਟਰੰਪ ਨੇ ਕਿਹਾ ਕਿ ਉਹ 200 ਫੀਸਦੀ ਟੈਰਿਫ ਲਗਾਉਂਦੇ ਸਨ, ਇਸ ਲਈ ਹਾਰਲੇ-ਡੇਵਿਡਸਨ ਨੂੰ ਬਾਹਰ ਰੱਖਿਆ ਗਿਆ ਸੀ ਅਤੇ ਉਨ੍ਹਾਂ ਨੂੰ ਭਾਰਤ ਜਾ ਕੇ ਆਪਣੇ ਖੁਦ ਦੇ ਪਲਾਂਟ ਲਗਾਉਣੇ ਪਏ, ਜੋ ਕਿ ਬਦਕਿਸਮਤੀ ਹੈ ਪਰ ਇਹ ਮੇਰੇ ਤੋਂ ਪਹਿਲਾਂ ਵਾਪਰਿਆ। ਉਨ੍ਹਾਂ ਇਸ ਦੀ ਤੁਲਨਾ ਅਮਰੀਕੀ ਟੈਰਿਫ ਨੀਤੀਆਂ ਨਾਲ ਕਰਦਿਆਂ ਕਿਹਾ ਕਿ ਭਾਰਤ ਦੇ ਮੋਟਰਸਾਈਕਲ ਬ੍ਰਾਂਡਾਂ ਨੂੰ ਅਮਰੀਕੀ ਬਾਜ਼ਾਰ ਵਿੱਚ ਅਜਿਹੀਆਂ ਕੋਈ ਰੁਕਾਵਟਾਂ ਦਾ ਸਾਹਮਣਾ ਨਹੀਂ ਕਰਨਾ ਪਿਆ। ਟਰੰਪ ਨੇ ਕਿਹਾ ਕਿ ਉਹ ਇੱਥੇ ਵੀ ਮੋਟਰਬਾਈਕ ਵੇਚਦੇ ਸਨ ਅਤੇ ਅਸੀਂ ਉਨ੍ਹਾਂ ਤੋਂ ਕੀ ਲਿਆ, ਕੁਝ ਵੀ ਨਹੀਂ ਅਤੇ ਹੁਣ ਇਹ ਬਿਲਕੁਲ ਉਲਟ ਹੈ, ਅਸੀਂ ਭਾਰਤ ਨਾਲ ਬਹੁਤ ਪੈਸਾ ਕਮਾ ਰਹੇ ਹਾਂ।

## ਤੀਰਥ ਯਾਤਰਾ ਤੋਂ ਪਰਤਦਿਆਂ ਹਾਦਸੇ 'ਚ ਦੋ ਦੀ ਮੌਤ

**ਮਾਨਸਾ** : ਮਾਤਾ ਵੈਸ਼ਨੋ ਦੇਵੀ ਦੇ ਦਰਸ਼ਨ ਕਰਕੇ ਵਾਪਸ ਪਰਤ ਰਹੇ ਮਾਨਸਾ ਜ਼ਿਲ੍ਹੇ ਦੇ ਇੱਕੋ ਪਰਵਾਰ ਦੇ ਮੈਂਬਰਾਂ ਨਾਲ ਪਠਾਨਕੋਟ ਨੇੜੇ ਇੱਕ ਦਰਦਨਾਕ ਸੜਕ ਹਾਦਸਾ ਵਾਪਰ ਗਿਆ। ਸ਼ੁੱਕਰਵਾਰ ਤੜਕਸਾਰ ਕਰੀਬ 5 ਵਜੇ ਹੋਏ ਹਾਦਸੇ ਵਿੱਚ ਦੋ ਜਣਿਆਂ ਦੀ ਮੌਤ ਹੋ ਗਈ, ਜਦੋਂ ਕਿ 14 ਹੋਰ ਮੈਂਬਰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ।

ਪੀੜਤ ਪਰਵਾਰ ਆਮ ਆਦਮੀ ਪਾਰਟੀ (ਆਪ) ਸਰਦੂਲਗੜ੍ਹ ਦੇ ਸੀਨੀਅਰ ਆਗੂ ਅਤੇ ਪੰਜਾਬ ਰਾਜ ਰੈਗੂਲੇਟਰੀ ਦੇ ਸਾਬਕਾ ਡਾਇਰੈਕਟਰ ਨੇਮ ਚੰਦ ਚੌਧਰੀ ਦਾ ਹੈ। ਨੇਮ ਚੰਦ ਚੌਧਰੀ ਦੇ ਜੀਜਾ ਭੂਸ਼ਨ ਜੈਨ ਅਤੇ ਉਨ੍ਹਾਂ ਦੀ ਭੈਣ ਬਿੱਲੋ ਰਾਣੀ ਦੀ ਮੌਕੇ 'ਤੇ ਹੀ ਮੌਤ ਹੋ ਗਈ। ਜ਼ਖ਼ਮੀਆਂ ਦੀ ਨਾਜ਼ੁਕ ਹਾਲਤ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਪਠਾਨਕੋਟ, ਬਟਾਲਾ ਅਤੇ ਅੰਮ੍ਰਿਤਸਰ ਦੇ ਵੱਖ-ਵੱਖ ਹਸਪਤਾਲਾਂ ਵਿਖੇ ਦਾਖਲ ਕਰਵਾਇਆ ਗਿਆ।

## ਮਾਨਸੂਨ ਨੂੰ ਪੰਜਾਬ ਪੁੱਜਣ 'ਚ ਤਿੰਨ ਹਫਤੇ ਲੱਗਣਗੇ



**ਨਵੀਂ ਦਿੱਲੀ** : ਮਾਨਸੂਨ ਨੇ 4 ਜੂਨ ਨੂੰ ਕੇਰਲਾ ਵਿੱਚ ਐਂਟਰੀ ਕਰ ਲਈ ਹੈ ਅਤੇ ਮੌਸਮ ਵਿਭਾਗ ਨੂੰ ਉਮੀਦ ਹੈ ਕਿ ਇਹ ਜੂਨ ਦੇ ਤੀਜੇ ਹਫਤੇ ਤੱਕ ਦੇਸ਼ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਅੱਗੇ ਵਧੇਗਾ। ਇਸਦੇ 25 ਤੋਂ 30 ਜੂਨ ਦੇ ਵਿਚਕਾਰ ਦਿੱਲੀ ਪਹੁੰਚਣ ਦੀ ਉਮੀਦ ਹੈ। ਉਦੋਂ ਹੀ ਹਰਿਆਣਾ, ਪੰਜਾਬ ਤੇ ਚੰਡੀਗੜ੍ਹ ਦੇ ਕੁਝ ਹਿੱਸਿਆਂ ਵੱਲ ਵਧਣ ਦੀ ਭਵਿੱਖਬਾਣੀ ਹੈ।

## 'ਖ਼ਾਨ ਸਰ' ਨਾਮਜ਼ਦ

**ਪਟਨਾ** : ਇੱਥੇ 'ਖ਼ਾਨ ਸਰ' ਵਜੋਂ ਮਸ਼ਹੂਰ ਫ਼ੈਜ਼ਲ ਖ਼ਾਨ ਦੇ ਕੋਚਿੰਗ ਸੈਂਟਰ ਵਿੱਚ ਹੋਈ ਤੋੜ-ਭੰਨ ਅਤੇ ਹਿੰਸਾ ਦੇ ਮਾਮਲੇ ਵਿੱਚ ਇੱਕ ਨਵਾਂ ਮੋੜ ਆਇਆ ਹੈ। ਪੁਲਸ ਨੇ ਸ਼ੁੱਕਰਵਾਰ ਨੂੰ ਦੱਸਿਆ ਕਿ ਇਸ ਘਟਨਾ ਦੇ ਸਬੰਧ ਵਿੱਚ ਦਰਜ ਕੀਤੀ ਗਈ ਐੱਫ ਆਈ ਆਰ ਵਿੱਚ ਖ਼ਾਨ ਸਰ ਨੂੰ ਵੀ ਨਾਮਜ਼ਦ ਕੀਤਾ ਗਿਆ ਹੈ। ਮੰਗਲਵਾਰ ਦੀ ਰਾਤ ਨੂੰ 15-20 ਅਣਪਛਾਤੇ ਵਿਅਕਤੀਆਂ ਦੇ ਇੱਕ ਸਮੂਹ ਨੇ 'ਖ਼ਾਨ ਗਲੋਬਲ ਸਟੱਡੀਜ਼ ਇੰਸਟੀਚਿਊਟ' ਦੀ ਭੰਨ-ਤੋੜ ਕੀਤੀ ਸੀ ਅਤੇ ਸੰਸਥਾ ਦੀ ਇਮਾਰਤ 'ਤੇ ਪੱਥਰਾਅ ਕੀਤਾ ਸੀ। ਪਟਨਾ ਦੇ ਐੱਸ ਐੱਸ ਪੀ ਕਾਰਤੀਕੇਯ ਸ਼ਰਮਾ ਨੇ ਪੁਸ਼ਟੀ ਕੀਤੀ ਕਿ ਇਸ ਮਾਮਲੇ ਵਿੱਚ ਦਰਜ ਐੱਫ ਆਈ ਆਰ ਵਿੱਚ ਮਸ਼ਹੂਰ ਅਧਿਆਪਕ (ਖ਼ਾਨ ਸਰ) ਦਾ ਨਾਮ ਸ਼ਾਮਲ ਹੈ ਅਤੇ ਪੁਲਸ ਜਲਦੀ ਹੀ ਉਨ੍ਹਾਂ ਤੋਂ ਪੁੱਛਗਿੱਛ ਕਰੇਗੀ। ਪੁਲਸ ਨੇ ਵੀਰਵਾਰ ਨੂੰ ਕੋਚਿੰਗ ਸੈਂਟਰ ਦੇ ਦੋ ਸੁਰੱਖਿਆ ਗਾਰਡਾਂ ਨੂੰ ਹਿਰਾਸਤ ਵਿੱਚ ਲਿਆ ਸੀ। ਇਨ੍ਹਾਂ 'ਤੇ ਤੋੜ-ਭੰਨ ਦੀ ਘਟਨਾ ਦੌਰਾਨ ਗੋਲੀਆਂ ਚਲਾਉਣ ਦੇ ਦੋਸ਼ ਹਨ। ਇਸ ਘਟਨਾ ਤੋਂ ਤੁਰੰਤ ਬਾਅਦ ਖ਼ਾਨ ਸਰ ਨੇ ਦੋਸ਼ ਲਗਾਇਆ ਸੀ ਕਿ ਇਸ ਹਮਲੇ ਅਤੇ ਫਾਇਰਿੰਗ ਪਿੱਛੇ ਇੱਕ ਵਿਰੋਧੀ (ਪ੍ਰਤੀਯੋਗੀ) ਕੋਚਿੰਗ ਸੰਸਥਾ ਦੇ ਲੋਕਾਂ ਦਾ ਹੱਥ ਹੈ। ਦੂਜੇ ਪਾਸੇ, ਵਿਰੋਧੀ ਕੋਚਿੰਗ ਸੈਂਟਰ ਦੇ ਮੈਂਬਰਾਂ ਨੇ ਉਲਟਾ ਖ਼ਾਨ ਸਰ 'ਤੇ ਹੀ ਦੋਸ਼ ਮੜ੍ਹ ਦਿੱਤੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਖ਼ਾਨ ਸਰ ਨੇ ਸੁਰਖੀਆਂ ਬਟੋਰਨ ਲਈ ਖ਼ੁਦ ਹੀ ਇਸ ਪੂਰੀ ਘਟਨਾ ਦੀ ਸਾਜ਼ਿਸ਼ ਰਚੀ ਹੈ।

## ਬ੍ਰੇਕਅੱਪ ਤੋਂ ਖਿਝੇ ਨੌਜਵਾਨ ਨੇ ਕੁੜੀ ਦਾ ਕੀਤਾ ਕਤਲ

**ਚੰਡੀਗੜ੍ਹ** : ਮੋਹਾਲੀ ਵਿੱਚ ਇੱਕ ਨੌਜਵਾਨ ਨੇ ਇੱਕ ਲੜਕੀ ਦਾ ਚਾਕੂ ਮਾਰ ਕੇ ਕਤਲ ਕਰ ਦਿੱਤਾ। ਇਹ ਘਟਨਾ ਮੋਹਾਲੀ ਦੇ ਫੇਜ਼ 11 ਵਿੱਚ ਬੈਸਟੈੱਕ ਮਾਲ ਨੇੜੇ ਇੱਕ ਨਿੱਜੀ ਕੰਪਨੀ ਦੇ ਦਫ਼ਤਰ ਵਿੱਚ ਵਾਪਰੀ। ਮ੍ਰਿਤਕ ਦੀ ਪਛਾਣ ਡਿੰਪਲ (30) ਵਜੋਂ ਹੋਈ ਹੈ, ਜੋ ਕਿ ਪਟਿਆਲਾ ਦੀ ਰਹਿਣ ਵਾਲੀ ਹੈ। ਦੋਸ਼ੀ ਦੀ ਪਛਾਣ ਹਰਵਿੰਦਰ ਮਾਨ ਉਰਫ਼ ਹੈਰੀ ਵਜੋਂ ਹੋਈ ਹੈ। ਪੁਲਸ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਦੋਵੇਂ ਪਿਛਲੇ ਤਿੰਨ ਸਾਲਾਂ ਤੋਂ ਇੱਕ ਨਿੱਜੀ ਪੈਕਰਜ਼ ਐਂਡ ਮੂਵਰਜ਼ ਕੰਪਨੀ ਵਿੱਚ ਇਕੱਠੇ ਕੰਮ ਕਰ ਰਹੇ ਸਨ। ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਉਹ ਪਹਿਲਾਂ ਇੱਕ ਰਿਸ਼ਤੇ ਵਿੱਚ ਸਨ। ਲੱਗਭੱਗ ਛੇ ਮਹੀਨੇ ਪਹਿਲਾਂ ਉਨ੍ਹਾਂ ਦਾ ਬ੍ਰੇਕਅੱਪ ਹੋ ਗਿਆ ਸੀ। ਅਪਰਾਧ ਕਰਨ ਤੋਂ ਬਾਅਦ, ਮੁਲਜ਼ਮ ਨੇ ਉਸੇ ਚਾਕੂ ਨਾਲ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ। ਉਸ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਦਾਖਲ ਕਰਵਾਇਆ ਗਿਆ ਹੈ।

# ਭਾਰਤ ਪਾਕਿਸਤਾਨ ਨੂੰ ਹਰਾ ਕੇ ਫਾਈਨਲ 'ਚ

**ਕਾਕਾਮੀਗਾਹਾਰਾ (ਜਾਪਾਨ)** : ਭਾਰਤ ਸ਼ੁੱਕਰਵਾਰ ਪਾਕਿਸਤਾਨ ਨੂੰ 5-3 ਗੋਲਾਂ ਨਾਲ ਹਰਾ ਕੇ ਮਰਦਾਂ ਦੇ ਅੰਡਰ-18 ਏਸ਼ੀਆ ਕੱਪ ਦੇ ਫਾਈਨਲ ਵਿੱਚ ਪੁੱਜ ਗਿਆ, ਜਿੱਥੇ ਉਸਦਾ ਸ਼ਨਿੱਚਰਵਾਰ ਜਾਪਾਨ ਨਾਲ ਮੁਕਾਬਲਾ ਹੋਵੇਗਾ, ਜਿਸਨੇ ਮਲੇਸ਼ੀਆ ਨੂੰ ਪਹਿਲੇ ਸੈਮੀਫਾਈਨਲ 'ਚ 8-1 ਨਾਲ ਹਰਾਇਆ। ਭਾਰਤ ਤੀਜੇ ਕੁਆਰਟਰ ਤੱਕ ਦੋ ਦੇ ਮੁਕਾਬਲੇ ਤਿੰਨ ਗੋਲਾਂ ਨਾਲ ਪਿੱਛੇ ਸੀ, ਪਰ ਖਿਡਾਰੀਆਂ ਨੇ ਹੌਸਲਾ ਨਹੀਂ ਛੱਡਿਆ। ਭਾਰਤ ਵੱਲੋਂ ਅਸ਼ੀਸ਼ ਨੇ ਹੈਟਟ੍ਰਿਕ ਲਾਈ। ਉੱਧਰ, ਕੁੜੀਆਂ ਸੈਮੀਫਾਈਨਲ 'ਚ ਚੀਨ ਹੱਥੋਂ ਮਾਤ ਖਾ ਗਈਆਂ। ਦੋਨੋਂ ਟੀਮਾਂ ਦੋ-ਦੋ ਗੋਲਾਂ ਨਾਲ ਸਾਂਵਾਂ ਖੇਡੀਆਂ, ਪਰ ਚੀਨ ਨੇ ਪੈਨਲਟੀ ਸ਼ੂਟਆਊਟ 'ਚ 3-1 ਨਾਲ ਹਰਾ ਦਿੱਤਾ। ਦੂਜੇ ਸੈਮੀਫਾਈਨਲ ਵਿੱਚ ਜਾਪਾਨ ਨੇ ਕੋਰੀਆ ਨੂੰ 1-0 ਨਾਲ ਹਰਾਇਆ।



# ਭਾਰਤ ਤੇ ਚੀਨ ਦੇ ਸੰਬੰਧਾਂ 'ਚ ਦਖਲ ਨਹੀਂ : ਪੂਤਿਨ

**ਸੇਂਟ ਪੀਟਰਸਬਰਗ (ਨ ਜ਼ ਸ)**

ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਕਿਹਾ ਹੈ ਕਿ ਮਾਸਕੋ ਭਾਰਤ ਅਤੇ ਚੀਨ ਦੇ ਵਿਚਕਾਰ 'ਨਾਜ਼ੁਕ' ਦੁਵੱਲੇ ਸੰਬੰਧਾਂ ਵਿੱਚ ਦਖਲ ਨਹੀਂ ਦੇਵੇਗਾ। ਉਨ੍ਹਾਂ ਭਰੋਸਾ ਜਤਾਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਦੋਵੇਂ ਆਪਣੇ ਲੰਬੇ ਸਮੇਂ ਤੋਂ ਚੱਲੇ ਆ ਰਹੇ ਸਰਹੱਦੀ ਵਿਵਾਦ ਨੂੰ ਦੋਸਤਾਨਾ ਤਰੀਕੇ ਨਾਲ ਹੱਲ ਕਰਨ ਲਈ ਦ੍ਰਿੜ੍ਹ ਹਨ। ਵੀਰਵਾਰ ਰਾਤ ਨੂੰ ਪ੍ਰਮੁੱਖ ਗਲੋਬਲ ਨਿਊਜ਼ ਏਜੰਸੀਆਂ ਦੇ ਮੁਖੀਆਂ ਨਾਲ ਇੱਕ ਵਿਆਪਕ ਗੱਲਬਾਤ ਵਿੱਚ ਪੂਤਿਨ ਨੇ ਮੋਦੀ ਅਤੇ ਸ਼ੀ ਦੋਵਾਂ ਦੀ ਤਾਰੀਫ਼ ਕੀਤੀ ਅਤੇ ਕਿਹਾ ਕਿ ਨਵੀਂ ਦਿੱਲੀ ਅਤੇ ਬੀਜਿੰਗ ਨਾਲ ਰੂਸ ਦੀਆਂ ਦਹਾਕਿਆਂ ਪੁਰਾਣੀਆਂ ਭਾਈਵਾਲੀ ਕੁਦਰਤੀ ਤੌਰ 'ਤੇ ਵਿਕਸਤ ਹੋਈਆਂ ਹਨ ਅਤੇ ਇੱਕ ਦੂਜੇ ਤੋਂ ਪੂਰੀ ਤਰ੍ਹਾਂ ਸੁਤੰਤਰ ਹਨ। ਇੱਕ ਸਵਾਲ ਦਾ ਜਵਾਬ ਦਿੰਦਿਆਂ ਰੂਸੀ ਰਾਸ਼ਟਰਪਤੀ ਨੇ ਕਿਹਾ, "ਇਹ ਭਾਰਤ ਅਤੇ ਚੀਨ ਵਿਚਕਾਰ ਇੱਕ ਨਾਜ਼ੁਕ, ਬਹੁਪੱਖੀ ਸੰਬੰਧ ਹੈ ਅਤੇ ਉਨ੍ਹਾਂ ਵਿੱਚ ਦਖਲ ਦੇਣਾ ਚੰਗਾ ਵਿਚਾਰ ਨਹੀਂ ਹੈ। ਬੇਸ਼ੱਕ ਅਸੀਂ ਆਪਣੇ ਦੋਵਾਂ ਦੋਸਤਾਂ- ਭਾਰਤ ਅਤੇ ਚੀਨ ਦੋਵਾਂ ਨਾਲ ਗੱਲਬਾਤ ਕਰਦੇ ਹਾਂ।" ਉਨ੍ਹਾ ਕਿਹਾ ਕਿ ਰਾਸ਼ਟਰਪਤੀ ਸ਼ੀ ਅਤੇ ਪ੍ਰਧਾਨ ਮੰਤਰੀ ਮੋਦੀ ਦੋਵੇਂ ਆਪਸੀ ਹਿੱਤਾਂ ਦੇ ਸਾਰੇ ਮੁੱਦਿਆਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਜਿਸ ਵਿੱਚ ਸਰਹੱਦੀ ਮੁੱਦਾ ਵੀ ਸ਼ਾਮਲ ਹੈ। ਉਨ੍ਹਾਂ ਜ਼ੋਰ ਦਿੱਤਾ ਕਿ ਨਵੀਂ ਦਿੱਲੀ ਨਾਲ ਮਾਸਕੋ ਦਾ ਵਧ ਰਿਹਾ ਤਾਲਮੇਲ ਚੀਨ ਦੀ ਕੀਮਤ 'ਤੇ ਨਹੀਂ ਹੈ, ਜਿਵੇਂ ਕਿ ਚੀਨ ਨਾਲ ਰੂਸ ਦਾ ਡੂੰਘਾ ਗਠਜੋੜ ਭਾਰਤ ਨਾਲ ਉਸ ਦੇ ਸਬੰਧਾਂ ਨੂੰ ਪ੍ਰਭਾਵਿਤ ਨਹੀਂ ਕਰਦਾ। ਇਸ ਦੇ ਨਾਲ ਹੀ ਪੂਤਿਨ ਨੇ ਕਿਹਾ ਕਿ ਉਨ੍ਹਾਂ ਨੂੰ ਨਹੀਂ ਲੱਗਦਾ ਕਿ ਪਾਕਿਸਤਾਨ ਚੀਨ ਦੇ ਕੰਟਰੋਲ ਵਿੱਚ ਹੈ। ਪੂਤਿਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਭਾਰਤ ਦੀ ਸੁਤੰਤਰ ਵਿਦੇਸ਼ ਨੀਤੀ ਦਾ ਜ਼ੋਰਦਾਰ ਸਮਰਥਨ ਕੀਤਾ ਹੈ। ਉਨ੍ਹਾਂ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਹੈ ਕਿ ਮਾਸਕੋ (ਰੂਸ) ਨਾਲ ਸੰਬੰਧਾਂ ਨੂੰ ਲੈ ਕੇ ਭਾਰਤ 'ਤੇ ਦਬਾਅ ਪਾਉਣ ਦੀਆਂ ਕੋਸ਼ਿਸ਼ਾਂ 'ਬੇਕਾਰ' ਹਨ ਅਤੇ ਅਜਿਹਾ ਕਰਨਾ ਆਖਰਕਾਰ ਕੌਮਾਂਤਰੀ ਸੰਬੰਧਾਂ ਲਈ ਨੁਕਸਾਨਦੇਹ ਸਾਬਤ ਹੁੰਦਾ ਹੈ। ਜਦੋਂ ਪੂਤਿਨ ਨੂੰ ਪੁੱਛਿਆ ਗਿਆ ਕਿ ਕੀ ਅਮਰੀਕਾ ਨਾਲ ਭਾਰਤ ਦੀ ਵਧਦੀ ਨੇੜਤਾ ਕਾਰਨ ਭਾਰਤ-ਰੂਸ ਸੰਬੰਧਾਂ ਵਿੱਚ ਕੋਈ ਤਣਾਅ ਆ ਰਿਹਾ ਹੈ, ਤਾਂ ਉਨ੍ਹਾਂ ਅਜਿਹੀਆਂ ਅਟਕਲਾਂ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ। ਉਨ੍ਹਾਂ ਭਾਰਤ ਨੂੰ ਇੱਕ ਭਰੋਸੇਮੰਦ ਭਾਈਵਾਲ ਦੱਸਦਿਆਂ ਦੋਵਾਂ ਦੇਸ਼ਾਂ ਦੀ ਰਣਨੀਤਕ ਸਾਂਝੇਦਾਰੀ 'ਤੇ ਪੂਰਾ ਭਰੋਸਾ ਪ੍ਰਗਟਾਇਆ। ਪੂਤਿਨ ਨੇ ਕਿਹਾ, "ਇਹ ਵੱਖਰੀ ਗੱਲ ਹੈ ਕਿ ਅਮਰੀਕਾ ਕੁਝ ਖਾਸ ਮੁੱਦਿਆਂ, ਖਾਸ ਕਰਕੇ ਰੂਸ ਨਾਲ ਸਹਿਯੋਗ ਦੇ ਮਾਮਲੇ 'ਤੇ ਭਾਰਤ 'ਤੇ ਦਬਾਅ ਪਾਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਪਰ ਮੇਰਾ ਮੰਨਣਾ ਹੈ ਕਿ ਹਰ ਕੋਈ ਹੁਣ ਤੱਕ ਇਹ ਚੰਗੀ ਤਰ੍ਹਾਂ ਸਮਝ ਚੁੱਕਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਜੋ ਕਿ 1.5 ਅਰਬ (150 ਕਰੋੜ) ਦੀ ਆਬਾਦੀ ਵਾਲੇ ਦੇਸ਼ ਦੀ ਅਗਵਾਈ ਕਰ ਰਹੇ ਹਨ, 'ਤੇ ਦਬਾਅ ਪਾਉਣਾ ਬਿਲਕੁਲ ਬੇਕਾਰ ਹੈ। ਰੂਸੀ ਰਾਸ਼ਟਰਪਤੀ ਦਾ ਇਹ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਪੱਛਮੀ ਦੇਸ਼ ਰੂਸ ਨਾਲ ਭਾਰਤ ਦੇ ਆਰਥਿਕ ਅਤੇ ਊਰਜਾ ਸੰਬੰਧਾਂ 'ਤੇ ਲਗਾਤਾਰ ਤਿੱਖੀ ਨਜ਼ਰ ਰੱਖ ਰਹੇ ਹਨ। ਰੂਸੀ ਆਗੂ ਨੇ ਭਾਰਤ ਦੀ ਆਰਥਿਕ ਤਰੱਕੀ ਦਾ ਸਿਹਰਾ ਪ੍ਰਧਾਨ ਮੰਤਰੀ ਮੋਦੀ ਦੀਆਂ ਨੀਤੀਆਂ ਸਿਰ ਬੰਨ੍ਹਦਿਆਂ ਕਿਹਾ ਕਿ ਭਾਰਤ ਇਸ ਵੇਲੇ ਵਿਸ਼ਵ ਦੀਆਂ ਪ੍ਰਮੁੱਖ ਅਰਥਵਿਵਸਥਾਵਾਂ ਵਿੱਚੋਂ ਸਭ ਤੋਂ ਵੱਧ ਵਿਕਾਸ ਦਰ ਦਰਜ ਕਰ ਰਿਹਾ ਹੈ। ਉਨ੍ਹਾਂ ਭਰੋਸਾ ਪ੍ਰਗਟਾਇਆ ਕਿ ਆਉਣ ਵਾਲੇ ਸਾਲਾਂ ਵਿੱਚ ਦੋਵਾਂ ਦੇਸ਼ਾਂ ਦਰਮਿਆਨ ਦੁਵੱਲਾ ਵਪਾਰ ਮੌਜੂਦਾ 60 ਅਰਬ ਡਾਲਰ ਤੋਂ ਵਧ ਕੇ 100 ਅਰਬ ਡਾਲਰ ਤੱਕ ਪਹੁੰਚ ਜਾਵੇਗਾ। ਉਨ੍ਹਾਂ ਦੱਸਿਆ ਕਿ ਦੋਵਾਂ ਦੇਸ਼ਾਂ ਦਾ ਸਹਿਯੋਗ ਸਿਰਫ਼ ਊਰਜਾ ਖੇਤਰ ਤੱਕ ਸੀਮਤ ਨਹੀਂ ਹੈ, ਬਲਕਿ ਪ੍ਰਮਾਣੂ ਊਰਜਾ, ਹਾਈਡਰੋਕਾਰਬਨ, ਫਾਰਮਾਸਿਊਟੀਕਲ (ਦਵਾਈਆਂ) ਅਤੇ ਨਿਵੇਸ਼ ਤੱਕ ਫੈਲਿਆ ਹੋਇਆ ਹੈ। ਰੂਸ ਦੀ ਮਦਦ ਨਾਲ ਚੱਲ ਰਹੇ ਕੁਡਨਕੁਲਮ ਪਰਮਾਣੂ ਊਰਜਾ ਪਲਾਂਟ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਸਿਵਲ ਪਰਮਾਣੂ ਖੇਤਰ ਵਿੱਚ ਸਹਿਯੋਗ ਹੋਰ ਡੂੰਘਾ ਹੋਵੇਗਾ ਅਤੇ ਭਵਿੱਖ ਵਿੱਚ ਹੋਰ ਪ੍ਰੋਜੈਕਟਾਂ ਦੀਆਂ ਸੰਭਾਵਨਾਵਾਂ ਹਨ।

# 'ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ' ਦੀਆਂ ਤਿਆਰੀਆਂ ਦਾ ਲਿਆ ਜਾਇਜ਼ਾ

**ਚੰਡੀਗੜ੍ਹ (ਗੁਰਜੀਤ ਬਿੱਲਾ, ਸੁਰਜੀਤ ਸੁਮਨ, ਕ੍ਰਿਸ਼ਨ ਗਰਗ)**

ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ੁੱਕਰਵਾਰ ਨੂੰ ਐਲਾਨ ਕੀਤਾ ਕਿ ਸੂਬੇ ਭਰ ਦੀਆਂ ਯੋਗ ਲਾਭਪਾਤਰੀ ਔਰਤਾਂ ਨੂੰ ਪਹਿਲੀ ਜੁਲਾਈ ਤੋਂ 'ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ' ਤਹਿਤ ਵਿੱਤੀ ਸਹਾਇਤਾ ਮਿਲਣੀ ਸ਼ੁਰੂ ਹੋ ਜਾਵੇਗੀ।ਇਸ ਪ੍ਰਮੁੱਖ ਸਕੀਮ ਨੂੰ ਲਾਗੂ ਕਰਨ ਦਾ ਜਾਇਜ਼ਾ ਲੈਂਦਿਆਂ ਮਾਨ ਨੇ ਦੱਸਿਆ ਕਿ 'ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ' ਤਹਿਤ ਪੰਜਾਬ ਦੀ ਹਰ ਯੋਗ ਲਾਭਪਾਤਰੀ ਔਰਤ ਨੂੰ 1,000 ਰੁਪਏ ਪ੍ਰਤੀ ਮਹੀਨਾ, ਜਦੋਂ ਕਿ ਅਨੁਸੂਚਿਤ ਜਾਤੀ (ਐਸ.ਸੀ.) ਸ਼੍ਰੇਣੀ ਨਾਲ ਸਬੰਧਤ ਔਰਤਾਂ ਨੂੰ 1,500 ਰੁਪਏ ਪ੍ਰਤੀ ਮਹੀਨਾ ਮਿਲਣਗੇ।ਉਨ੍ਹਾਂ ਕਿਹਾ ਕਿ ਫ਼ੰਡ ਸਿੱਧੇ ਤੌਰ 'ਤੇ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਤਬਦੀਲ ਕੀਤੇ ਜਾਣਗੇ ਅਤੇ ਜੋ ਔਰਤਾਂ ਪਹਿਲਾਂ ਹੀ ਸਮਾਜਿਕ ਸੁਰੱਖਿਆ ਪੈਨਸ਼ਨਾਂ ਪ੍ਰਾਪਤ ਕਰ ਰਹੀਆਂ ਹਨ, ਉਹ ਵੀ ਇਸ ਸਕੀਮ ਤਹਿਤ ਯੋਗ ਹੋਣਗੀਆਂ।ਪੰਜਾਬ ਦੀਆਂ ਲਗਪਗ 97 ਫ਼ੀਸਦੀ ਔਰਤਾਂ ਨੂੰ ਇਸ ਪਹਿਲਕਦਮੀ ਦਾ ਲਾਭ ਮਿਲਣ ਦੀ ਉਮੀਦ ਹੈ ਅਤੇ ਪੰਜਾਬ ਸਰਕਾਰ ਨੇ ਇਸ ਸਕੀਮ ਨੂੰ ਲਾਗੂ ਕਰਨ ਲਈ ਬਜਟ ਵਿੱਚ 9,300 ਕਰੋੜ ਰੁਪਏ ਅਲਾਟ ਕੀਤੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਭਰ ਵਿੱਚ ਰਜਿਸਟ੍ਰੇਸ਼ਨ ਪਹਿਲਾਂ ਹੀ ਸ਼ੁਰੂ ਹੋ ਚੁੱਕੀ ਹੈ ਅਤੇ ਹਰ ਰੋਜ਼ ਲੱਖਾਂ ਔਰਤਾਂ ਦੇ ਨਾਂ ਦਰਜ ਕੀਤੇ ਜਾ ਰਹੇ ਹਨ। ਇਹ ਰਜਿਸਟ੍ਰੇਸ਼ਨਾਂ ਆਂਗਣਵਾੜੀ ਕੇਂਦਰਾਂ, ਸੇਵਾ ਕੇਂਦਰਾਂ ਅਤੇ ਸਬੰਧਤ ਜ਼ਿਲ੍ਹਿਆਂ ਵਿੱਚ ਡਿਪਟੀ ਕਮਿਸ਼ਨਰਾਂ ਵੱਲੋਂ ਵਿਸ਼ੇਸ਼ ਤੌਰ 'ਤੇ ਨਿਰਧਾਰਤ ਕੀਤੇ ਗਏ ਹੋਰ ਸਥਾਨਾਂ ਰਾਹੀਂ ਕੀਤੀਆਂ ਜਾ ਰਹੀਆਂ ਹਨ।ਮੁੱਖ ਮੰਤਰੀ ਸਿਹਤ ਯੋਜਨਾ ਦੀ ਪ੍ਰਗਤੀ ਦੀ ਸਮੀਖਿਆ ਕਰਦਿਆਂ ਮਾਨ ਨੇ ਕਿਹਾ ਕਿ ਇਹ ਪ੍ਰਮੁੱਖ ਸਿਹਤ ਸੰਭਾਲ ਪਹਿਲਕਦਮੀ ਸੂਬੇ ਭਰ ਦੇ ਲੋਕਾਂ ਲਈ ਵੱਡੀ ਰਾਹਤ ਸਾਬਤ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਯੋਜਨਾ ਤਹਿਤ 3.79 ਲੱਖ ਮਰੀਜ਼ ਪਹਿਲਾਂ ਹੀ 654 ਕਰੋੜ ਰੁਪਏ ਦਾ ਨਕਦੀ ਰਹਿਤ ਇਲਾਜ ਪ੍ਰਾਪਤ ਕਰ ਚੁੱਕੇ ਹਨ।ਪ੍ਰੋਗਰਾਮ ਦੀ ਪਹੁੰਚ ਨੂੰ ਉਜਾਗਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਹੁਣ ਤੱਕ, ਮੁੱਖ ਮੰਤਰੀ ਸਿਹਤ ਯੋਜਨਾ ਤਹਿਤ 47.27 ਲੱਖ ਸਿਹਤ ਕਾਰਡ ਜਾਰੀ ਕੀਤੇ ਗਏ ਹਨ, ਜਿਸ ਵਿੱਚ ਪੰਜਾਬ ਭਰ ਦੇ 23.01 ਲੱਖ ਪਰਿਵਾਰ ਕਵਰ ਹਨ। ਇਨ੍ਹਾਂ ਕਾਰਡ-ਧਾਰਕਾਂ ਵਿੱਚੋਂ 48.5 ਪ੍ਰਤੀਸ਼ਤ ਪੁਰਸ਼ ਅਤੇ 51.5 ਪ੍ਰਤੀਸ਼ਤ ਔਰਤਾਂ ਹਨ। ਸ਼ਹਿਰੀ ਖੇਤਰਾਂ ਵਿੱਚ ਲਗਪਗ 31 ਪ੍ਰਤੀਸ਼ਤ ਕਾਰਡ ਜਾਰੀ ਕੀਤੇ ਗਏ ਹਨ, ਜਦੋਂ ਕਿ ਪੇਂਡੂ ਖੇਤਰਾਂ ਵਿੱਚ 69 ਪ੍ਰਤੀਸ਼ਤ ਕਾਰਡ ਜਾਰੀ ਕੀਤੇ ਗਏ ਹਨ।

## ਅੱਜ-ਨਾਮਾ

ਟਿੱਪਣੀ ਕਰਨੋਂ ਨਹੀਂ ਕਦੀ ਟਰੰਪ ਹਟਦਾ,
ਦੇਵੇ ਉਹ ਰੋਜ਼ ਹੀ ਕਿਸੇ ਨੂੰ ਛੇੜ ਮੀਆਂ।
ਕਿਸੇ ਨੂੰ ਮਾਰ ਕੇ ਹੁੱਝ ਵਿਗਾੜ ਪਾਉਂਦਾ,
ਪੁੱਠਾ ਗੇੜ ਉਹ ਦੇਂਦਾ ਫਿਰ ਗੇੜ ਮੀਆਂ।
ਕਿਸੇ ਨਾਲ ਚੰਗਾ ਸੰਬੰਧ ਅਮਰੀਕਨਾਂ ਦਾ,
ਰਿਸ਼ਤਿਆਂ ਵਿੱਚ ਜਾ ਪਾਏ ਤਰੇੜ ਮੀਆਂ।
ਕਿਸੇ ਨੂੰ ਟੈਰਿਫ ਦਾ ਮਾਰਦਾ ਇੰਜ ਦਾਬਾ,
ਦੇਵੇ ਰਹਿਣ ਨਹੀਂ ਚਿਰਾਂ ਦਾ ਨੇੜ ਮੀਆਂ।
ਸਿਆਣੇ ਲੋਕ ਗਏ ਛੱਡ ਧਿਆਨ ਧਰਨਾ,
ਕੀ ਕੁਝ ਕਿਹਾ ਟਰੰਪ ਫਿਰ ਅੱਜ ਮੀਆਂ।
ਚਰਚਾ ਆਖਦੇ ਉਹਦੀ ਫਿਰ ਕੀ ਕਰਨੀ,
ਜੀਹਨੂੰ ਬੋਲਣ ਦਾ ਮੂਲ ਨਾ ਚੱਜ ਮੀਆਂ।

-ਤੀਸ ਮਾਰ ਖਾਂ

# ਕੌਣ ਹਾਸਲ ਕਰੇਗਾ ਵਿਸ਼ਵ ਕੱਪ ਫੁੱਟਬਾਲ ਦਾ ਗੋਲਡਨ ਬੂਟ ?

**ਜਲੰਧਰ (ਨ ਜ਼ ਸ)**

ਵਿਸ਼ਵ ਫੁੱਟਬਾਲ ਕੱਪ-2026 ਵਿੱਚ ਸਭ ਤੋਂ ਵੱਧ ਗੋਲ ਕਰਕੇ ਗੋਲਡਨ ਬੂਟ ਦਾ ਦਾਅਵੇਦਾਰ ਕਿਹੜਾ ਖਿਡਾਰੀ ਹੋ ਸਕਦਾ ਹੈ? ਐਮਬਾਪੇ, ਰੋਨਾਲਡੋ, ਮੈਸੀ, ਕੇਨ ਤੋਂ ਇਲਾਵਾ ਵੀ ਕਈ ਖਿਡਾਰੀ ਹਨ, ਜਿਹੜੇ ਇਹ ਖਿਤਾਬ ਹਾਸਲ ਕਰ ਸਕਦੇ ਹਨ। ਇਨ੍ਹਾਂ ਵਿੱਚ ਇੱਕੋ ਟੀਮ ਦੇ ਦੋ ਖਿਡਾਰੀ ਵੀ ਸ਼ਾਮਲ ਹਨ। ਗੋਲਡਨ ਬੂਟ ਜਿੱਤਣ ਵਾਲਿਆਂ ਦੀ ਸੂਚੀ ਵਿੱਚ ਯੂਸੇਬੀਓ, ਗੈਰੀ ਲਾਈਨਕਰ ਅਤੇ ਬ੍ਰਾਜ਼ੀਲ ਦੇ ਰੋਨਾਲਡੋ ਵਰਗੇ ਮਹਾਨ ਖਿਡਾਰੀ ਸ਼ਾਮਲ ਹਨ, ਪਰ ਕਿਸੇ ਵੀ ਖਿਡਾਰੀ ਨੇ ਇੱਕ ਤੋਂ ਵੱਧ ਵਾਰ ਇਹ ਪੁਰਸਕਾਰ ਨਹੀਂ ਜਿੱਤਿਆ ਹੈ। ਇਸ ਸਾਲ ਕਾਇਲੀਅਨ ਐਮਬਾਪੇ ਤੇ ਹੈਰੀ ਕੇਨ ਦੂਜੀ ਵਾਰ ਸਭ ਤੋਂ ਵੱਧ ਗੋਲ ਕਰਨ ਵਾਲੇ ਖਿਡਾਰੀ ਦਾ ਪੁਰਸਕਾਰ ਜਿੱਤਣ ਦੀ ਕੋਸ਼ਿਸ਼ ਕਰਨਗੇ।

ਇੰਗਲੈਂਡ ਦੇ ਹੈਰੀ ਕੇਨ ਨੇ ਰੂਸ 'ਚ 2018 ਵਿੱਚ ਖੇਡੇ ਗਏ ਵਿਸ਼ਵ ਕੱਪ ਵਿੱਚ 6 ਗੋਲ ਕਰਕੇ ਗੋਲਡਨ ਬੂਟ ਜਿੱਤਿਆ ਸੀ। ਜਰਮਨੀ ਦੀ ਬਾਇਰਨ ਮਿਊਨਿਖ ਕਲੱਬ ਵੱਲੋਂ ਖੇਡਦਿਆਂ ਉਸਨੇ 2025-26 ਵਿੱਚ 51 ਮੈਚਾਂ ਵਿੱਚ 61 ਗੋਲ ਕੀਤੇ ਹਨ। ਇਹ ਉਸਨੂੰ ਗੋਲਡਨ ਬੂਟ ਦਾ ਵੱਡਾ ਦਾਅਵੇਦਾਰ ਬਣਾਉਂਦੇ ਹਨ। 2022 ਵਿੱਚ ਕਤਰ 'ਚ ਹੋਏ ਵਿਸ਼ਵ ਕੱਪ ਵਿੱਚ ਉਹ ਸਿਰਫ ਦੋ ਗੋਲ ਕਰ ਸਕਿਆ ਸੀ ਕਿਉਂਕਿ ਇੰਗਲੈਂਡ ਕੁਆਰਟਰ ਫਾਈਨਲ ਵਿੱਚ ਫਰਾਂਸ ਤੋਂ ਹਾਰਨ ਤੋਂ ਬਾਅਦ ਬਾਹਰ ਹੋ ਗਿਆ ਸੀ।

ਫਰਾਂਸ ਦੇ ਕਾਇਲੀਅਨ ਐਮਬਾਪੇ ਨੇ ਕਤਰ 2022 ਵਿੱਚ 8 ਗੋਲ ਕਰਕੇ ਗੋਲਡਨ ਬੂਟ ਜਿੱਤਿਆ ਸੀ। ਸਪੇਨ ਦੇ ਰਿਆਲ ਮੈਡ੍ਰਿਡ ਕਲੱਬ ਵੱਲੋਂ ਖੇਡਦਿਆਂ ਉਸਨੇ 2025-26 ਵਿੱਚ 44 ਮੈਚਾਂ 'ਚ 42 ਗੋਲ ਕੀਤੇ ਹਨ।



ਐਮਬਾਪੇ, ਹੈਰੀ ਕੇਨ, ਲਿਓਨਲ ਮੈਸੀ, ਰੋਨਾਲਡੋ, ਹਾਲੈਂਡ ਤੇ ਵਿਨੀਸ਼ੀਅਸ ਜੂਨੀਅਰ।



2022 ਦੇ ਵਿਸ਼ਵ ਕੱਪ ਫਾਈਨਲ ਵਿੱਚ ਐਮਬਾਪੇ ਦੀ ਹੈਟਟ੍ਰਿਕ ਦੇ ਬਾਵਜੂਦ ਅਰਜਨਟੀਨਾ ਕੱਪ ਜਿੱਤਣ ਵਿੱਚ ਸਫਲ ਰਿਹਾ ਸੀ, ਪਰ ਹੈਟਟ੍ਰਿਕ ਨੇ ਉਸਦੇ ਗੋਲਾਂ ਦੀ ਗਿਣਤੀ 8 ਕਰਕੇ ਉਸਨੂੰ ਗੋਲਡਨ ਬੂਟ ਦਿਵਾ ਦਿੱਤਾ ਸੀ। ਜੇ ਇਹ ਫਰਾਂਸੀਸੀ ਖਿਡਾਰੀ ਐਤਕੀਂ ਪੰਜ ਗੋਲ ਕਰ ਲਵੇ, ਤਾਂ ਉਹ ਮੀਰੋਸਲਾਵ ਕਲੋਸ ਨੂੰ ਪਛਾੜ ਕੇ ਵਿਸ਼ਵ ਕੱਪ ਦਾ ਸਭ ਤੋਂ ਵੱਧ ਗੋਲ ਕਰਨ ਵਾਲਾ ਖਿਡਾਰੀ ਬਣ ਜਾਵੇਗਾ। ਅਤੇ ਸਿਰਫ 27 ਸਾਲ ਦੀ ਉਮਰ ਵਿੱਚ, ਉਸ ਕੋਲ ਭਵਿੱਖ ਦੇ ਟੂਰਨਾਮੈਂਟਾਂ ਵਿੱਚ ਇਸ ਗਿਣਤੀ ਵਿੱਚ ਵਾਧਾ ਕਰਨ ਲਈ ਕਾਫੀ ਸਮਾਂ ਹੈ।

ਨਾਰਵੇ ਦਾ ਏਰਲਿੰਗ ਹਾਲੈਂਡ ਪਹਿਲਾ ਵਿਸ਼ਵ ਕੱਪ ਖੇਡੇਗਾ। ਇੰਗਲੈਂਡ ਦੀ ਮੈਨਚੈਸਟਰ ਸਿਟੀ ਕਲੱਬ ਵੱਲੋਂ ਖੇਡਦਿਆਂ ਉਸਨੇ 2025-2026 'ਚ 52 ਮੈਚਾਂ ਵਿੱਚ 38 ਗੋਲ ਕੀਤੇ ਹਨ। ਕਲੱਬ ਫੁੱਟਬਾਲ ਵਿੱਚ ਉਸਦੀ ਗੋਲ-ਸਕੋਰਿੰਗ ਕਮਾਲ ਦੀ ਹੈ, ਪਰ ਹੁਣ ਦੇਖਣਾ ਹੋਵੇਗਾ ਕਿ ਨਾਰਵੇਈਅਨ ਖਿਡਾਰੀ ਕੌਮਾਂਤਰੀ ਫੁੱਟਬਾਲ 'ਚ ਕੀ ਜਲਵਾ ਦਿਖਾਉਂਦਾ ਹੈ। ਉਸਦੇ ਗੋਲਡਨ ਬੂਟ ਜਿੱਤਣ ਦੀ ਸੰਭਾਵਨਾ ਇਸ ਗੱਲ 'ਤੇ ਨਿਰਭਰ ਕਰੇਗੀ ਕਿ ਨਾਰਵੇ ਟੂਰਨਾਮੈਂਟ ਵਿੱਚ ਕਿੰਨਾ ਸਮਾਂ ਰਹਿ ਸਕਦਾ ਹੈ। ਉਸਨੂੰ ਫਰਾਂਸ, ਸੈਨੇਗਲ ਅਤੇ ਇਰਾਕ ਵਾਲੇ ਗਰੁੱਪ ਵਿੱਚ ਕੁਝ ਮੁਸ਼ਕਲ ਵਿਰੋਧੀਆਂ ਦਾ ਸਾਹਮਣਾ ਕਰਨਾ ਪਵੇਗਾ।

ਸਭ ਤੋਂ ਮਹਾਨ ਖਿਡਾਰੀਆਂ ਵਿੱਚੋਂ ਇੱਕ ਹੋਣ ਦੇ ਨਾਤੇ ਅਰਜਨਟੀਨਾ ਦੇ ਲਿਓਨਲ ਮੈਸੀ ਨੇ ਆਪਣੇ ਸ਼ਾਨਦਾਰ ਕਰੀਅਰ ਦੌਰਾਨ ਬਹੁਤ ਸਾਰੀਆਂ ਸ਼ਾਨਦਾਰ ਟਰਾਫੀਆਂ ਹਾਸਲ ਕੀਤੀਆਂ ਹਨ। ਪਰ ਵਿਸ਼ਵ ਕੱਪ ਗੋਲਡਨ ਬੂਟ ਇੱਕ ਅਜਿਹਾ ਖਿਤਾਬ ਹੈ, ਜੋ ਉਸਦੀ ਕੈਬਨਿਟ ਵਿੱਚੋਂ ਗਾਇਬ ਹੈ। ਉਸਨੇ ਕਤਰ-2022 ਵਿੱਚ ਸੱਤ ਗੋਲ

• ਬਾਕੀ ਸਫਾ 2 'ਤੇ

## ਹੀਰਾ ਲਾਲ ਬਣੇ ਭਾਰਤੀ ਵਪਾਰ ਮੰਡਲ ਦੇ ਜ਼ਿਲ੍ਹਾ ਪ੍ਰਧਾਨ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ ਸਿੰਘ)**-ਵਪਾਰੀਆਂ ਨੂੰ ਦਰਪੇਸ਼ ਆ ਰਹੀਆਂ ਮੁਸ਼ਕਲਾਂ ਦੇ ਹੱਲ ਲਈ ਤੇ ਵਪਾਰੀਆਂ ਦੀ ਉਨਤੀ ਅਤੇ ਵਿਕਾਸ ਲਈ ਰਾਸ਼ਟਰੀ ਪ੍ਰਧਾਨ ਅੰਕੁਰ ਸਿੰਘਲ ਨੇ ਸ੍ਰੀ ਮੁਕਤਸਰ ਸਾਹਿਬ ਨਿਵਾਸੀ ਹੀਰਾ ਲਾਲ ਨੂੰ ਵਪਾਰ ਮੰਡਲ ਦਾ ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤਾ ਹੈ।ਇਸ ਮੌਕੇ ਭਾਰਤੀ ਵਪਾਰ ਮੰਡਲ ਪੰਜਾਬ ਪ੍ਰਦੇਸ਼ ਦੇ ਪ੍ਰਧਾਨ ਰਾਜੀਵ ਅਨੇਜਾ, ਹਿਮਾਚਲ ਪ੍ਰਦੇਸ਼ ਦੇ ਪ੍ਰਧਾਨ ਹੰਸਪਾਲ ਸਿੰਘ ਤੇ ਮਹਿਲਾ ਮੋਰਚਾ ਰਾਸ਼ਟਰੀ ਸੰਗਠਨ ਮੰਤਰੀ ਮੀਰਾ ਅਚਾਰਿਆ ਵੀ ਮੌਜੂਦ ਰਹੇ। ਉਨ੍ਹਾਂ ਕਿਹਾ ਕਿ ਹੀਰਾ ਲਾਲ ਇੱਕ ਪੁਰਾਣੇ ਤੇ ਤਜਰਬੇਕਾਰ ਵਪਾਰੀ ਹਨ, ਉਹ ਵਪਾਰੀਆਂ ਦੀਆਂ ਮੁਸ਼ਕਲਾਂ ਦੇ ਹੱਲ ਤੇ ਉਨ੍ਹਾਂ ਦੀ ਤਰੱਕੀ ਲਈ ਸਹੀ ਕੰਮ ਕਰ ਸਕਦੇ ਹਨ।ਦੂਜੇ ਪਾਸੇ ਹੀਰਾ ਲਾਲ ਨੇ ਕਿਹਾ ਕਿ ਉਨ੍ਹਾਂ ਨੂੰ ਜੋ ਜ਼ਿੰਮੇਦਾਰੀ ਸੌਂਪੀ ਗਈ ਹੈ, ਉਸ ਨੂੰ ਪੂਰੀ ਤਨਦੇਹੀ ਨਾਲ ਅਦਾ ਕਰਨਗੇ ਅਤੇ ਕਿਸੇ ਨੂੰ ਵੀ ਸ਼ਿਕਾਇਤ ਦਾ ਮੌਕਾ ਨਹੀਂ ਦੇਣਗੇ।ਉਹ ਵਪਾਰੀਆਂ ਦੀਆਂ ਮੁਸ਼ਕਲਾਂ ਸਰਕਾਰ ਤੋਂ ਹੱਲ ਕਰਵਾਉਣ ਲਈ ਦਿਨ ਰਾਤ ਇੱਕ ਕਰ ਦੇਣਗੇ।

## ਮੈਡੀਸਿਨ ਮੈਨ ਦੀ ਸੇਵਾ 'ਚ ਲਾਇਨਜ਼ ਕਲੱਬ ਦਾ ਵੱਡਾ ਯੋਗਦਾਨ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਸਮਾਜ ਸੇਵਾ ਦੇ ਖੇਤਰ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਨਿਹਾਲ ਸਿੰਘ ਵਾਲਾ ਲਾਇਨਜ਼ ਕਲੱਬ ਵੱਲੋਂ ਮੈਡੀਸਿਨ ਮੈਨ ਰਜਿੰਦਰ ਸਿੰਘ ਖੋਟੇ ਦੀ ਲੋਕ ਭਲਾਈ ਸੇਵਾ ਲਈ ਮਹੱਤਵਪੂਰਨ ਯੋਗਦਾਨ ਦਿੱਤਾ ਗਿਆ।ਕਲੱਬ ਮੈਂਬਰਾਂ ਨੇ ਲੋੜਵੰਦ ਮਰੀਜ਼ਾਂ ਦੀ ਸਹਾਇਤਾ ਲਈ ਦਵਾਈਆਂ ਤੇ ਹੋਰ ਜ਼ਰੂਰੀ ਸਮੱਗਰੀ ਭੇਟ ਕਰਕੇ ਮਨੁੱਖਤਾ ਦੀ ਸੇਵਾ ਦਾ ਸ਼ਲਾਘਾਯੋਗ ਉਦਾਹਰਨ ਪੇਸ਼ ਕੀਤਾ।ਇਸ ਮੌਕੇ ਕਲੱਬ ਦੇ ਅਹੁਦੇਦਾਰਾਂ ਨੇ ਕਿਹਾ ਕਿ ਸਮਾਜ ਦੇ ਗਰੀਬ ਤੇ ਲੋੜਵੰਦ ਲੋਕਾਂ ਦੀ ਮਦਦ ਕਰਨਾ ਹਰ ਵਿਅਕਤੀ ਦਾ ਫਰਜ਼ ਹੈ।ਉਨ੍ਹਾਂ ਕਿਹਾ ਕਿ ਮੈਡੀਸਿਨ ਮੈਨ ਰਜਿੰਦਰ ਸਿੰਘ ਖੋਟੇ ਵੱਲੋਂ ਲੋੜਵੰਦ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਮੁਹੱਈਆ ਕਰਵਾਉਣ ਦਾ ਉਪਰਾਲਾ ਬਹੁਤ ਹੀ ਪ੍ਰਸੰਸਾਯੋਗ ਹੈ ਤੇ ਲਾਇਨਜ਼ ਕਲੱਬ ਹਮੇਸ਼ਾ ਅਜਿਹੇ ਸਮਾਜ ਭਲਾਈ ਦੇ ਕਾਰਜਾਂ ਵਿੱਚ ਆਪਣਾ ਯੋਗਦਾਨ ਪਾਉਂਦਾ ਰਹੇਗਾ।ਮੈਡੀਸਿਨ ਮੈਨ ਰਜਿੰਦਰ ਸਿੰਘ ਖੋਟੇ ਟੀਮ ਨੇ ਨਿਹਾਲ ਸਿੰਘ ਵਾਲਾ ਲਾਇਨਜ਼ ਕਲੱਬ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਸਹਿਯੋਗ ਨਾਲ ਹੋਰ ਵੱਧ ਲੋੜਵੰਦ ਮਰੀਜ਼ਾਂ ਤੱਕ ਮਦਦ ਪਹੁੰਚਾਈ ਜਾ ਸਕੇਗੀ।ਉਨ੍ਹਾਂ ਸਮਾਜ ਸੇਵੀ ਸੰਸਥਾਵਾਂ ਤੇ ਦਾਨੀ ਸੱਜਣਾਂ ਨੂੰ ਵੀ ਇਸ ਮੁਹਿੰਮ ਨਾਲ ਜੁੜਨ ਦੀ ਅਪੀਲ ਕੀਤੀ।ਇਸ ਮੌਕੇ ਲਾਇਨਜ਼ ਕਲੱਬ ਦੇ ਰੇਸ਼ਮ ਸਿੰਘ ਜੱਸੜ ਪ੍ਰਧਾਨ, ਵਿਸ਼ਾਲ ਮਿੱਤਲ, ਰੂਪ ਲਾਲ ਮਿੱਤਲ, ਰਾਮ ਲਾਲ ਜੈਨ, ਕ੍ਰਿਸ਼ਨ ਕੁਮਾਰ, ਪ੍ਰਦੀਪ ਗੋਇਲ ਆਦਿ ਹਾਜ਼ਰ ਸਨ।

## ਜੋਤੀ ਸ਼ਰਮਾ ਦਾ ਜਨਮ ਦਿਨ ਸੇਵਾ ਤੇ ਹਰਿਆਵਲੀ ਦੇ ਸੰਦੇਸ਼ ਨਾਲ ਮਨਾਇਆ



**ਦੋਰਾਹਾ (ਹਰਮਿੰਦਰ ਸੇਠ)**-ਜਲੰਧਰ ਦੇ ਸਾਂਝ ਕੇਂਦਰ ਸੈਂਟਰਲ ਵਿਖੇ ਤੈਨਾਤ ਹੈੱਡ ਕਾਂਸਟੇਬਲ ਜੋਤੀ ਸ਼ਰਮਾ ਦਾ ਜਨਮਦਿਨ ਬੜੇ ਹੀ ਉਤਸ਼ਾਹ, ਸਾਦਗੀ ਤੇ ਖੁਸ਼ੀ ਭਰੇ ਮਾਹੌਲ ਵਿੱਚ ਮਨਾਇਆ ਗਿਆ।ਇਸ ਮੌਕੇ ਸਹਿਕਰਮੀਆਂ ਤੇ ਸਟਾਫ ਮੈਂਬਰਾਂ ਵੱਲੋਂ ਕੇਕ ਕੱਟ ਕੇ ਉਨ੍ਹਾਂ ਨੂੰ ਜਨਮਦਿਨ ਦੀਆਂ ਮੁਬਾਰਕਾਂ ਦਿੱਤੀਆਂ ਗਈਆਂ ਤੇ ਉਨ੍ਹਾਂ ਦੀ ਲੰਬੀ ਉਮਰ ਤੇ ਚੰਗੀ ਸਿਹਤ ਲਈ ਸ਼ੁਭਕਾਮਨਾਵਾਂ ਪ੍ਰਗਟ ਕੀਤੀਆਂ ਗਈਆਂ।ਸਮਾਗਮ ਦੌਰਾਨ ਸਟਾਫ ਮੈਂਬਰਾਂ ਨੇ ਹੈੱਡ ਕਾਂਸਟੇਬਲ ਜੋਤੀ ਸ਼ਰਮਾ ਦੀ ਡਿਊਟੀ ਪ੍ਰਤੀ ਇਮਾਨਦਾਰੀ, ਨਿਸ਼ਠਾ ਤੇ ਸਮਰਪਣ ਭਾਵਨਾ ਦੀ ਭਰਪੂਰ ਸ਼ਲਾਘਾ ਕੀਤੀ।ਉਨ੍ਹਾਂ ਕਿਹਾ ਕਿ ਜੋਤੀ ਸ਼ਰਮਾ ਹਮੇਸ਼ਾ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਲਗਨ ਅਤੇ ਇਮਾਨਦਾਰੀ ਨਾਲ ਨਿਭਾਉਂਦੇ ਹਨ, ਜੋ ਹੋਰਨਾਂ ਲਈ ਵੀ ਪ੍ਰੇਰਣਾ ਸਰੂਪ ਹੈ।ਇਸ ਮੌਕੇ ਪੁਲਸ ਦੇ ਉੱਚ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਪੌਦੇ ਵੀ ਲਾਏ ਗਏ।ਇਸ ਉਪਰਾਲੇ ਰਾਹੀਂ ਵਾਤਾਵਰਨ ਦੀ ਸੰਭਾਲ ਅਤੇ ਹਰਿਆਵਲੀ ਵਧਾਉਣ ਦਾ ਸੰਦੇਸ਼ ਦਿੱਤਾ ਗਿਆ।ਅਧਿਕਾਰੀਆਂ ਨੇ ਕਿਹਾ ਕਿ ਰੁੱਖ ਲਾਉਣਾ ਸਿਰਫ਼ ਸਮਾਜਿਕ ਜ਼ਿੰਮੇਵਾਰੀ ਹੀ ਨਹੀਂ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਸਾਫ਼-ਸੁਥਰਾ ਵਾਤਾਵਰਣ ਯਕੀਨੀ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਹੈ।

## ਵਿਧਾਇਕ ਲਖਬੀਰ ਸਿੰਘ ਰਾਏ ਨੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਨਗਰ ਕੌਂਸਲ ਦੀਆਂ ਚੋਣਾਂ ਖਤਮ ਹੁੰਦੇ ਹੀ ਫਤਿਹਗੜ੍ਹ ਸਾਹਿਬ ਦੇ ਵਿਧਾਇਕ ਲਖਬੀਰ ਸਿੰਘ ਰਾਏ ਜਨਤਾ ਦੀ ਸੇਵਾ ਵਿੱਚ ਜੁੱਟ ਗਏ ਹਨ।ਇਸੇ ਲੜੀ ਤਹਿਤ ਉਨ੍ਹਾਂ ਨੇ ਆਪਣੇ ਜੱਦੀ ਪਿੰਡ ਰੋਜ਼ਮਰਾ ਦੀ ਤਰ੍ਹਾਂ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ।ਇਸ ਮੌਕੇ ਵਿਧਾਇਕ ਲਖਬੀਰ ਸਿੰਘ ਰਾਏ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਹਲਕੇ ਦੇ ਲੋਕਾਂ ਦੀ ਸੇਵਾ ਕਰਕੇ ਉਨ੍ਹਾਂ ਨੂੰ ਸਕੂਨ ਮਿਲਦਾ ਹੈ।ਪਿਛਲੇ ਦਿਨੀਂ ਨਗਰ ਕੌਂਸਲ ਸਰਹੰਦ ਦੀਆਂ ਚੋਣਾਂ ਕਾਰਨ ਉਹ ਹਲਕੇ ਦੇ ਲੋਕਾਂ ਨੂੰ ਜ਼ਿਆਦਾ ਸਮਾਂ ਨਹੀਂ ਦੇ ਸਕੇ ਸਨ, ਪ੍ਰੰਤੂ ਹੁਣ ਉਹ ਚੋਣਾਂ ਤੋਂ ਵਿਹਲੇ ਹੋ ਗਏ ਹਨ ਤੇ ਪਿਛਲੇ ਸਮੇਂ ਦੀ ਤਰ੍ਹਾਂ ਦੁਬਾਰਾ ਫਿਰ ਜਨਤਾ ਦੀ ਸੇਵਾ ਵਿੱਚ ਹਾਜ਼ਰ ਹਨ।ਉਨ੍ਹਾਂ ਕਿਹਾ ਕਿ ਇਹ ਹਲਕਾ ਮੇਰਾ ਪਰਿਵਾਰ ਹੈ, ਇਨ੍ਹਾਂ ਦੀ ਹਰ ਸਮੱਸਿਆ ਨਾਲ ਨਜਿੱਠਣਾ ਮੇਰਾ ਧਰਮ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਨੂੰ ਹਰ ਤਰ੍ਹਾਂ ਦੀਆਂ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਦੇ ਲਈ ਯਤਨਸ਼ੀਲ ਹੈ।ਪੰਜਾਬ ਸਰਕਾਰ ਵੱਲੋਂ ਦਿੱਤੀ ਜਾਣ ਵਾਲੀ ਹਰ ਸਕੀਮ ਆਮ ਲੋਕਾਂ ਤੱਕ ਪਹੁੰਚਾਈ ਜਾਵੇਗੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਮਾਨਵ ਟਿਵਾਣਾ, ਗੁਰਪ੍ਰੀਤ ਭਿੰਡਰ, ਅਮਰੀਕ ਸਿੰਘ ਬਾਲਪੁਰ, ਨੰਬਰਦਾਰ ਜਗਰੂਪ ਸਿੰਘ, ਬਲਦੇਵ ਸਿੰਘ ਭੱਲ ਮਾਜਰਾ, ਐੱਸਡੀਓ ਜਗਪਾਲ ਸਿੰਘ, ਐੱਸਡੀਓ ਬਲਦੇਵ ਸਿੰਘ, ਬੀਰ ਦਵਿੰਦਰ ਸਿੰਘ ਸਰਹਿੰਦ ਆਦਿ ਹਾਜ਼ਰ ਸਨ।

## ਬਲਜਿੰਦਰ ਸਿੰਘ ਨੂੰ ਐੱਸ ਸੀ ਵਿੰਗ ਪੰਜਾਬ ਦਾ ਜਨਰਲ ਸੈਕਟਰੀ ਨਿਯੁਕਤ ਕਰਨ 'ਤੇ ਇਲਾਕੇ 'ਚ ਖੁਸ਼ੀ ਦੀ ਲਹਿਰ



**ਦੋਰਾਹਾ (ਹਰਮਿੰਦਰ ਸੇਠ)**-ਆਮ ਆਦਮੀ ਪਾਰਟੀ ਵੱਲੋਂ ਬਲਜਿੰਦਰ ਸਿੰਘ ਚੌਂਦਾ ਨੂੰ ਐੱਸ ਸੀ ਵਿੰਗ ਪੰਜਾਬ ਦਾ ਸਟੇਟ ਜਨਰਲ ਸੈਕਟਰੀ ਨਿਯੁਕਤ ਕੀਤਾ ਗਿਆ ਹੈ।ਪਾਰਟੀ ਹਾਈ ਕਮਾਂਡ ਵੱਲੋਂ ਦਿੱਤੀ ਗਈ ਇਸ ਮਹੱਤਵਪੂਰਨ ਜ਼ਿੰਮੇਵਾਰੀ ਨੂੰ ਲੈ ਕੇ ਇਲਾਕੇ ਦੇ ਵਰਕਰਾਂ ਤੇ ਸਮਰਥਕਾਂ ਵਿੱਚ ਖੁਸ਼ੀ ਦਾ ਮਾਹੌਲ ਪਾਇਆ ਜਾ ਰਿਹਾ ਹੈ।ਇਸ ਮੌਕੇ ਬਲਜਿੰਦਰ ਸਿੰਘ ਚੌਂਦਾ ਨੇ ਪੰਜਾਬ ਦੇ ਮੁੱਖ ਮੰਤਰੀ ਮਾਣਯੋਗ ਸ੍ਰ. ਭਗਵੰਤ ਸਿੰਘ ਮਾਨ, ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ, ਸਾਬਕਾ ਉਪ ਮੁੱਖ ਮੰਤਰੀ ਦਿੱਲੀ ਸ੍ਰੀ ਮਨੀਸ਼ ਸਿਸੋਦੀਆ, ਜਨਾਬ ਆਦਿਲ ਅਹਿਮਦ ਖਾਨ ਤੇ ਸ੍ਰੀ ਦੀਪਕ ਚੌਹਾਨ ਦਾ ਵਿਸ਼ੇਸ਼ ਧੰਨਵਾਦ ਪ੍ਰਗਟ ਕਰਦਿਆਂ ਕਿਹਾ ਕਿ ਪਾਰਟੀ ਨੇ ਜੋ ਵਿਸ਼ਵਾਸ ਉਨ੍ਹਾਂ 'ਤੇ ਜਤਾਇਆ ਹੈ, ਉਹ ਉਸ ਉਮੀਦ 'ਤੇ ਖਰਾ ਉਤਰਣ ਲਈ ਦਿਨ-ਰਾਤ ਮਿਹਨਤ ਕਰਨਗੇ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਹਮੇਸ਼ਾ ਆਮ ਲੋਕਾਂ, ਪਿੱਛੜੇ ਵਰਗਾਂ ਤੇ ਦਲਿਤ ਸਮਾਜ ਦੀ ਭਲਾਈ ਲਈ ਕੰਮ ਕਰਦੀ ਆ ਰਹੀ ਹੈ ਅਤੇ ਉਹ ਵੀ ਐੱਸ ਸੀ ਵਿੰਗ ਨੂੰ ਜ਼ਮੀਨੀ ਪੱਧਰ 'ਤੇ ਹੋਰ ਮਜ਼ਬੂਤ ਕਰਨ ਲਈ ਵਚਨਬੱਧ ਹਨ।ਉਨ੍ਹਾਂ ਕਿਹਾ ਕਿ ਪੰਜਾਬ ਦੇ ਹਰ ਜ਼ਿਲ੍ਹੇ ਤੇ ਹਲਕੇ ਵਿੱਚ ਪਾਰਟੀ ਦੀਆਂ ਲੋਕ ਭਲਾਈ ਨੀਤੀਆਂ ਨੂੰ ਪਹੁੰਚਾਉਣ ਲਈ ਵਰਕਰਾਂ ਨਾਲ ਮਿਲ ਕੇ ਤਨਦੇਹੀ ਨਾਲ ਕੰਮ ਕੀਤਾ ਜਾਵੇਗਾ।ਵਰਕਰਾਂ ਨੇ ਆਸ ਪ੍ਰਗਟਾਈ ਕਿ ਉਨ੍ਹਾਂ ਦੀ ਅਗਵਾਈ ਹੇਠ ਐੱਸ ਸੀ ਵਿੰਗ ਪੰਜਾਬ ਵਿੱਚ ਹੋਰ ਮਜ਼ਬੂਤੀ ਨਾਲ ਸੰਗਠਨ ਨੂੰ ਅੱਗੇ ਵਧਾਏਗੀ।

## ਡੇਅਰੀ ਯੂਨੀਅਨ ਨੇ ਏ ਡੀ ਸੀ ਨਾਲ ਕੀਤੀ ਮੁਲਾਕਾਤ



**ਪਟਿਆਲਾ (ਰਜਿੰਦਰ ਸਿੰਘ ਥਿੰਦ)**-ਡੇਅਰੀ ਯੂਨੀਅਨ ਪਟਿਆਲਾ ਦੀ ਹੰਗਾਮੀ ਮੀਟਿੰਗ ਹੋਈ, ਜਿਸ ਵਿੱਚ ਏ.ਡੀ.ਸੀ. ਪਟਿਆਲਾ ਨੂੰ ਤੂੜੀ ਦੇ ਵਧ ਰਹੇ ਰੇਟਾਂ ਬਾਰੇ ਦੱਸਿਆ ਗਿਆ ਤੇ ਉਨ੍ਹਾਂ ਨੂੰ ਤੂੜੀ ਨੂੰ ਫੈਕਟਰੀਆਂ ਵਿੱਚ ਇੰਧਣ ਵਜੋਂ ਵਰਤਣ 'ਤੇ ਰੋਕ ਲਗਾਉਣ ਸਬੰਧੀ ਬੇਨਤੀ ਕੀਤੀ ਗਈ ਤਾਂ ਜੋ ਡੇਅਰੀ ਫਾਰਮਰਾਂ ਨੂੰ ਤੂੜੀ ਦੇ ਰੇਟਾਂ ਵਿੱਚ ਰਾਹਤ ਮਿਲ ਸਕੇ।ਅਸੀਂ ਪਟਿਆਲਾ ਡੇਅਰੀ ਯੂਨੀਅਨ ਵੱਲੋਂ ਪੰਜਾਬ ਸਰਕਾਰ ਤੇ ਪ੍ਰਸ਼ਾਸਨ ਨੂੰ ਬੇਨਤੀ ਕਰਦੇ ਹਾਂ ਜੇਕਰ ਸਾਡੀਆਂ ਇਨ੍ਹਾਂ ਮੰਗਾਂ ਵੱਲ ਧਿਆਨ ਨਹੀਂ ਦਿੱਤਾ ਗਿਆ ਤਾਂ ਡੇਅਰੀ ਦਾ ਧੰਦਾ ਬੰਦ ਹੋ ਜਾਵੇਗਾ।ਇਸ ਮੌਕੇ ਮੰਗ ਪੱਤਰ ਵਿੱਚ ਤੂੜੀ ਦੇ ਰੇਟ 400 ਤੋਂ 500 ਤੱਕ ਕੀਤਾ ਜਾਵੇ, ਜਿਨ੍ਹਾਂ ਬਜ਼ਾਰਾਂ ਦੇ ਵਿੱਚ ਡੁਪਲੀਕੇਟ ਦੁੱਧ, ਦਹੀਂ, ਪਨੀਰ ਆਦਿ ਵਿੱਕ ਰਿਹਾ ਹੈ, ਉਸ 'ਤੇ ਪੂਰਨ ਪਾਬੰਦੀ ਲਗਾਈ ਜਾਵੇ।ਇਸ ਮੌਕੇ ਕ੍ਰਿਪਾਲ ਸਿੰਘ ਪ੍ਰਧਾਨ, ਪਾਲਾ ਰਾਮ, ਦਵਿੰਦਰ ਸਿੰਘ, ਲਖਵੀਰ ਸਿੰਘ, ਅਵਤਾਰ ਸਿੰਘ, ਤਰਨਜੀਤ ਸਿੰਘ, ਜਗੀਰ ਸਿੰਘ, ਧਨਵਿੰਦਰ ਸਿੰਘ ਢੀਂਡਸਾ ਆਦਿ ਹਾਜ਼ਰ ਸਨ।

## ਡੀ ਏ ਸੰਬੰਧੀ ਪੇਸ਼ ਰਿਪੋਰਟ ਮੁਲਾਜ਼ਮਾਂ ਨਾਲ ਧੋਖਾ : ਬੂਟਾ ਰਾਮ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਪੰਜਾਬ ਸਰਕਾਰ ਵੱਲੋਂ ਸਰਕਾਰੀ ਤੇ ਸੇਵਾ ਮੁਕਤ ਮੁਲਾਜ਼ਮਾਂ ਨੂੰ ਡੀ ਏ ਦੇਣ ਲਈ ਬਣਾਈ ਗਈ ਕੈਬਨਿਟ ਦੀ ਸਬ ਕਮੇਟੀ ਵੱਲੋਂ, ਜੋ ਰਿਪੋਰਟ ਮਾਨਯੋਗ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਚੰਡੀਗੜ੍ਹ ਵਿੱਚ ਪੇਸ਼ ਕੀਤੀ ਗਈ ਹੈ, ਉਸ ਰਿਪੋਰਟ ਨੂੰ ਪੰਜਾਬ ਦੀਆਂ ਵੱਖ-ਵੱਖ ਮੁਲਾਜ਼ਮ ਜਥੇਬੰਦੀਆਂ ਵੱਲੋਂ ਨਕਾਰ ਦਿੱਤਾ ਗਿਆ ਹੈ।ਜਾਣਕਾਰੀ ਦਿੰਦਿਆਂ ਐੱਸਸੀ ਐਂਡ ਬੀਸੀ ਕਰਮਚਾਰੀ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਬੂਟਾ ਰਾਮ ਸ਼ੁਤਰਾਣਾ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਕੈਬਨਿਟ ਦੀ ਸਬ ਕਮੇਟੀ ਵੱਲੋਂ ਪੇਸ਼ ਕੀਤੀ ਗਈ ਰਿਪੋਰਟ ਮੁਲਾਜ਼ਮਾਂ ਨਾਲ ਇੱਕ ਧੋਖਾ ਹੈ।ਉਨ੍ਹਾਂ ਕਿਹਾ ਕਿ ਸਰਕਾਰ ਪਿਛਲੇ ਲੰਬੇ ਸਮੇਂ ਤੋਂ ਮੁਲਾਜ਼ਮਾਂ ਨੂੰ ਡੀ ਏ ਤੇ ਹੋਰ ਮੰਗਾਂ ਸਬੰਧੀ ਟਾਲਮਟੋਲ ਦੀ ਨੀਤੀ ਅਪਣਾਉਂਦੀ ਆ ਰਹੀ ਹੈ ਅਤੇ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਹੁਣ ਬਿਨਾਂ ਕਿਸੇ ਹੋਰ ਦੇਰੀ ਦੇ ਬਣਦਾ ਡੀ ਏ ਜਲਦੀ ਤੋਂ ਜਲਦੀ ਜਾਰੀ ਕਰੇ ਤਾਂ ਜੋ ਇਹ ਮਹਿੰਗਾਈ ਦੇ ਸਮੇਂ ਵਿੱਚ ਮੁਲਾਜ਼ਮਾਂ ਨੂੰ ਕੋਈ ਦਿੱਕਤ ਪੇਸ਼ ਨਾ ਆਵੇ।

## ਮਾਨ ਸਰਕਾਰ ਦਾ ਵੱਡਾ ਫ਼ੈਸਲਾ : ਗਰੁੱਪ 3 ਤੇ 4 ਮੁਲਾਜ਼ਮਾਂ ਲਈ ਠੇਕੇਦਾਰੀ ਪ੍ਰਥਾ ਖ਼ਤਮ, ਤਨਖ਼ਾਹ ਸਿੱਧੀ ਖਾਤਿਆਂ 'ਚ

**ਭਵਾਨੀਗੜ੍ਹ (ਰਾਜ ਖੁਰਮੀ)**-ਪੰਜਾਬ ਸਰਕਾਰ ਵੱਲੋਂ ਗਰੁੱਪ '3' ਤੇ ਗਰੁੱਪ '4' ਦੇ ਕੱਚੇ, ਠੇਕਾ ਅਧਾਰਤ ਤੇ ਆਊਟਸੋਰਸ ਮੁਲਾਜ਼ਮਾਂ ਲਈ ਠੇਕੇਦਾਰੀ ਪ੍ਰਥਾ ਖ਼ਤਮ ਕਰਨ ਦੇ ਫ਼ੈਸਲੇ ਨੂੰ ਵੱਡੇ ਪ੍ਰਸ਼ਾਸਨਕ ਸੁਧਾਰ ਵਜੋਂ ਦੇਖਿਆ ਜਾ ਰਿਹਾ ਹੈ।ਸਰਕਾਰ ਦੇ ਇਸ ਕਦਮ ਤਹਿਤ ਹੁਣ 51 ਸਰਕਾਰੀ ਵਿਭਾਗਾਂ ਵਿੱਚ ਕੰਮ ਕਰ ਰਹੇ ਹਜ਼ਾਰਾਂ ਮੁਲਾਜ਼ਮਾਂ ਦੀ ਤਨਖ਼ਾਹ ਸਿੱਧੀ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਜਾਵੇਗੀ, ਜਿਸ ਨਾਲ ਵਿਚੋਲਿਆਂ ਦੀ ਭੂਮਿਕਾ ਖ਼ਤਮ ਹੋਣ ਦੇ ਨਾਲ-ਨਾਲ ਪਾਰਦਰਸ਼ਤਾ ਵੀ ਵਧੇਗੀ।ਇਸ ਫ਼ੈਸਲੇ ਦਾ ਸਵਾਗਤ ਕਰਦਿਆਂ ਪੰਜਾਬ ਇਨਫੋਟੈਕ ਦੇ ਚੇਅਰਮੈਨ ਡਾ. ਗੁਨਿੰਦਰਜੀਤ ਸਿੰਘ ਮਿੰਕੂ ਜਵੰਧਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰ ਨੇ ਦਹਾਕਿਆਂ ਤੋਂ ਚੱਲ ਰਹੇ ਠੇਕੇਦਾਰੀ ਸਿਸਟਮ ਨੂੰ ਖ਼ਤਮ ਕਰਕੇ ਮੁਲਾਜ਼ਮਾਂ ਨੂੰ ਉਨ੍ਹਾਂ ਦਾ ਬਣਦਾ ਹੱਕ ਤੇ ਸਨਮਾਨ ਦਿੱਤਾ ਹੈ।ਡਾ. ਜਵੰਧਾ ਨੇ ਕਿਹਾ ਕਿ ਨਵੀਂ ਵਿਵਸਥਾ ਲਾਗੂ ਹੋਣ ਨਾਲ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਸਿੱਧੀਆਂ ਬੈਂਕ ਖਾਤਿਆਂ ਵਿੱਚ ਜਮ੍ਹਾਂ ਹੋਣਗੀਆਂ ਤੇ ਉਨ੍ਹਾਂ ਨੂੰ ਸਰਕਾਰੀ ਨਿਯਮਾਂ ਅਨੁਸਾਰ ਮਿਲਣ ਵਾਲੀਆਂ ਹੋਰ ਸਹੂਲਤਾਂ ਤੇ ਲਾਭ ਵੀ ਯਕੀਨੀ ਬਣਾਏ ਜਾਣਗੇ।ਉਨ੍ਹਾਂ ਮੁਤਾਬਕ ਇਸ ਨਾਲ ਪੂਰੇ ਪ੍ਰਸ਼ਾਸਨਕ ਢਾਂਚੇ ਵਿੱਚ ਪਾਰਦਰਸ਼ਤਾ ਤੇ ਜਵਾਬਦੇਹੀ ਵਧੇਗੀ।ਚੇਅਰਮੈਨ ਡਾ. ਮਿੰਕੂ ਜਵੰਧਾ ਨੇ ਇਸ ਫ਼ੈਸਲੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਲਏ ਜਾ ਰਹੇ ਲੋਕ-ਪੱਖੀ ਫ਼ੈਸਲੇ ਪੰਜਾਬ ਨੂੰ ਵਿਕਾਸ ਤੇ ਸੁਸ਼ਾਸਨ ਦੀ ਨਵੀਂ ਦਿਸ਼ਾ ਵੱਲ ਲੈ ਕੇ ਜਾ ਰਹੇ ਹਨ।ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਅਜਿਹੇ ਕਦਮਾਂ ਨਾਲ ਸੂਬੇ ਦੇ ਮੁਲਾਜ਼ਮਾਂ ਦੀ ਜ਼ਿੰਦਗੀ ਵਿੱਚ ਸਕਾਰਾਤਮਕ ਬਦਲਾਅ ਆਵੇਗਾ ਤੇ ਪੰਜਾਬ ਤਰੱਕੀ ਦੇ ਰਾਹ 'ਤੇ ਹੋਰ ਤੇਜ਼ੀ ਨਾਲ ਅੱਗੇ ਵਧੇਗਾ।

## ਵਾਤਾਵਰਨ ਨੂੰ ਹਰਿਆ ਭਰਿਆ ਬਣਾਉਣ ਲਈ ਪੰਦਰਵਾੜਾ ਮੁਹਿੰਮ ਸ਼ੁਰੂ : ਇੰਦਰਜੀਤ ਸਿੰਘ ਮੁੰਡੇ

### ਪੰਜਾਬ ਹਿਊਮਨਰਾਈਟ ਕਮਿਸ਼ਨ ਦੇ ਚੇਅਰਮੈਨ ਸ਼ੈਂਟੀ ਨੂੰ ਬੂਟਾ ਦੇ ਕੇ ਕੀਤੀ ਸ਼ੁਰੂਆਤ



**ਮਾਲੇਰਕੋਟਲਾ (ਅਸਰਾਰ ਪਰਿਹਾਰ)**-ਵਾਤਾਵਰਨ ਨੂੰ ਹਰਿਆ ਭਰਿਆ ਬਣਾਉਣ ਲਈ 50 ਕਿਲੋਮੀਟਰ ਏਰੀਏ ਵਿੱਚ ਹਰ ਸਾਲ ਵਾਤਾਵਰਨ ਪ੍ਰੇਮੀ ਇੰਦਰਜੀਤ ਸਿੰਘ ਮੁੰਡੇ ਚੇਅਰਮੈਨ ਕੇ ਐੱਸ ਗਰੁੱਪ ਇੰਟਰਨੈਸ਼ਨਲ ਇਨਵਾਇਰਮੈਂਟ ਐਵਾਰਡੀ ਵੱਲੋਂ ਪੰਦਰਵਾੜਾ ਮੁਹਿੰਮ ਦੌਰਾਨ ਆਪਣੇ ਪਾਪਾ 'ਤੇ ਪੰਦਰਾਂ ਦਿਨ ਨੇਮ ਨਾਲ ਬੂਟੇ ਲਗਾਏ ਜਾਂਦੇ ਹਨ, ਜਿਸ ਤਹਿਤ ਵੀਰਵਾਰ ਇਸ ਸੰਬੰਧ ਸਮਾਗਮ ਦੌਰਾਨ ਵਿਸ਼ੇਸ਼ ਤੌਰ 'ਤੇ ਪਹੁੰਚੇ ਉੱਘੇ ਸਮਾਜ ਸੇਵੀ ਤੇ ਵਾਤਾਵਰਨ ਪ੍ਰੇਮੀ ਪੰਜਾਬ ਹਿਊਮਨਰਾਇਟਸ ਕਮਿਸ਼ਨ ਦੇ ਚੇਅਰਮੈਨ ਪਦਮਸ਼੍ਰੀ ਜਤਿੰਦਰ ਸਿੰਘ ਸ਼ੈਂਟੀ ਤੇ ਕੇ ਐੱਸ ਗਰੁੱਪ ਮਾਲੇਰਕੋਟਲਾ ਦੇ ਚੇਅਰਮੈਨ ਇੰਦਰਜੀਤ ਸਿੰਘ ਮੁੰਡੇ ਨੇ ਪੰਦਰਵਾੜਾ ਮੁਹਿੰਮ ਦੀ ਸ਼ੁਰੂਆਤ ਕੀਤੀ।ਇਸ ਮੌਕੇ ਪੰਦਰਵਾੜਾ ਮੁਹਿੰਮ ਸੰਬੰਧੀ ਜਾਣਕਾਰੀ ਦਿੰਦੇ ਹੋਏ ਵਿਰਸਾ ਸੰਭਾਲ ਸਰਦਾਰੀ ਲਹਿਰ ਪੰਜਾਬ ਦੇ ਮੁੱਖ ਸੇਵਾਦਾਰ ਭਾਈ ਮਨਦੀਪ ਸਿੰਘ ਖੁਰਦ ਨੇ ਦੱਸਿਆ ਕਿ ਹਰ ਸਾਲ ਪਿਛਲੇ 25 ਸਾਲਾਂ ਤੋਂ ਜ਼ਿਲ੍ਹਾ ਮਾਲੇਰਕੋਟਲਾ ਦੇ ਉੱਘੇ ਕਾਰੋਬਾਰੀ ਤੇ ਸਮਾਜ ਸੇਵੀ ਵਾਤਾਵਰਨ ਪ੍ਰੇਮੀ ਇੰਦਰਜੀਤ ਸਿੰਘ ਮੁੰਡੇ ਵੱਲੋਂ ਇਲਾਕੇ ਦੇ ਧਾਰਮਿਕ ਅਸਥਾਨਾਂ ਤੇ ਪਿੰਡਾਂ ਸ਼ਹਿਰਾਂ ਦੀਆਂ ਸਾਂਝੀਆਂ ਥਾਵਾਂ ਤੇ ਖੇਡ ਮੈਦਾਨਾਂ ਤੋਂ ਇਲਾਵਾ ਸਰਕਾਰੀ ਅਦਾਰਿਆਂ ਵਿੱਚ ਲੱਖਾਂ ਬੂਟੇ ਲਗਾਏ ਜਾ ਚੁੱਕੇ ਹਨ।ਉਨ੍ਹਾਂ ਅੱਗੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮਾਲੇਰਕੋਟਲਾ ਤੋਂ 50 ਕਿਲੋਮੀਟਰ ਦੇ ਏਰੀਏ ਵਿੱਚ ਜਿਸ ਪਿੰਡ ਵਿੱਚ ਵੀ ਛਾਂਦਾਰ, ਫਲਦਾਰ ਬੂਟੇ ਲਗਾਉਣ ਦੀ ਸੇਵਾ ਕਰਨੀ ਹੋ ਤਾਂ ਆਪਣੇ ਇਲਾਕੇ ਤੋਂ ਬੂਟਿਆਂ ਦੀ ਗਿਣਤੀ ਭੇਜੀ ਜਾਵੇ ਤਾਂ ਜੋ ਆਪਾਂ ਸਾਰੇ ਰਲ ਮਿਲ ਕੇ ਆਪਣੇ ਇਲਾਕੇ ਨੂੰ ਦੂਸ਼ਿਤ ਹੋਣ ਤੋਂ ਬਚਾ ਕੇ ਹਰਿਆ ਭਰਿਆ ਬਣਾ ਸਕੀਏ।ਇਸ ਮੌਕੇ ਸ. ਇੰਦਰਜੀਤ ਸਿੰਘ ਮੁੰਡੇ ਵੱਲੋਂ ਪਦਮਸ਼੍ਰੀ ਜਤਿੰਦਰ ਸਿੰਘ ਸ਼ੈਂਟੀ ਨੂੰ ਬੂਟਾ ਭੇਟ ਵੀ ਕੀਤਾ ਗਿਆ।ਇਸ ਮੌਕੇ ਵਿਰਸਾ ਸੰਭਾਲ ਸਰਦਾਰੀ ਲਹਿਰ ਪੰਜਾਬ ਦੇ ਮੁੱਖ ਸੇਵਾਦਾਰ ਭਾਈ ਮਨਦੀਪ ਸਿੰਘ ਖੁਰਦ, ਰਾਮਗੜ੍ਹੀਆ ਵੈੱਲਫੇਅਰ ਸੁਸਾਇਟੀ ਦੇ ਪ੍ਰਧਾਨ ਜਸਵੀਰ ਸਿੰਘ ਜੱਸੀ ਚੀਮਾ, ਇੰਦਰਜੀਤ ਸਿੰਘ ਲੁਧਿਆਣਾ, ਮਨਜਿੰਦਰ ਸਿੰਘ ਕਲੇਰ, ਜਸਵੀਰ ਸਿੰਘ ਪਮਾਲੀ ਆਦਿ ਹਾਜ਼ਰ ਸਨ।

## ਭਗਤ ਪੂਰਨ ਸਿੰਘ ਦਾ ਜਨਮ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ

### ਪ੍ਰੋਗਰਾਮ ਦੌਰਾਨ ਸੰਸਥਾ ਵੱਲੋਂ ਮੁਫਤ ਮੈਡੀਕਲ ਤੇ ਖ਼ੂਨਦਾਨ ਕੈਂਪ



**ਕੋਟ ਈਸੇ ਖਾਂ (ਅਰੋੜਾ)**-ਸੇਵਾ ਦੇ ਪੁੰਜ, ਬੇਸਹਾਰਿਆਂ ਦੇ ਸਹਾਰਾ, ਗਰੀਬਾਂ ਤੇ ਲੋੜਵੰਦਾਂ ਦੀ ਮਦਦ ਕਰਨ ਵਾਲੇ ਭਗਤ ਪੂਰਨ ਸਿੰਘ ਜੀ ਦਾ 9ਵਾਂ ਜਨਮ ਦਿਹਾੜਾ ਸ਼ਹਿਰ ਦੀ ਭਗਤ ਪੂਰਨ ਸਿੰਘ ਸੇਵਾ ਸੰਸਥਾ ਵੱਲੋਂ ਸਮੂਹ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਗੁਰਦੁਆਰਾ ਕਲਗੀਧਰ ਸਾਹਿਬ ਮਸੀਤਾਂ ਰੋਡ ਕੋਟ ਈਸੇ ਖਾਂ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸੇਵਾਦਾਰਾਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਜਨਮ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ ਅਤੇ ਸੇਵਾਦਾਰਾਂ ਵੱਲੋਂ ਆਪਣੀ ਜ਼ਿੰਮੇਵਾਰੀ ਨੂੰ ਸਮਝਦੇ ਹੋਏ ਬਾਖੂਬੀ ਨਾਲ ਸੇਵਾ ਨਿਭਾਈ।ਸਵੇਰੇ 8 ਤੋਂ 10 ਵਜੇ ਤੱਕ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਵਾਇਆ ਗਿਆ ਤੇ ਫਰੀ ਮੈਡੀਕਲ ਕੈਂਪ ਸਵੇਰੇ 9 ਵਜੇ ਤੋਂ ਦੁਪਹਿਰ 1 ਵਜੇ ਤੱਕ ਲਗਾਇਆ ਗਿਆ, ਜਿਸ ਦਾ ਉਦਘਾਟਨ ਸੰਤ ਬਾਬਾ ਗੁਰਮੀਤ ਸਿੰਘ ਜੀ ਖੋਸਾ ਕੋਟਲਾ ਵਾਲਿਆਂ ਵੱਲੋਂ ਰੀਬਨ ਕੱਟ ਕੇ ਕੀਤਾ।ਇਸ ਮੈਡੀਕਲ ਕੈਂਪ ਦੌਰਾਨ 160 ਦੇ ਕਰੀਬ ਮਰੀਜ਼ਾਂ ਵੱਲੋਂ ਆਪਣਾ ਚੈੱਕਅਪ ਕਰਵਾਇਆ ਗਿਆ ਤੇ ਦਵਾਈਆਂ ਲਈਆਂ ਗਈਆਂ।ਇਸ ਦੌਰਾਨ ਖ਼ੂਨਦਾਨ ਕੈਂਪ ਵੀ ਲਾਇਆ ਗਿਆ, ਜਿਸ ਵਿੱਚ 50 ਦੇ ਕਰੀਬ ਯੂਨਿਟ ਬਲੱਡ ਇਕੱਤਰ ਹੋਇਆ। ਉਨ੍ਹਾਂ ਕਿਹਾ ਕਿ ਖ਼ੂਨ ਦਾਨ ਸਭ ਤੋਂ ਉੱਤਮ ਦਾਨ, ਸਾਨੂੰ ਇਹ ਸੇਵਾ ਜ਼ਰੂਰ ਨਿਭਾਉਣੀ ਚਾਹੀਦੀ ਹੈ।ਮੈਡੀਕਲ ਕੈਂਪ ਵਿੱਚ ਡਾਕਟਰ ਸੰਜੀਵ ਮਿੱਤਲ ਐੱਮਬੀਬੀਐੱਸ, ਐੱਮਡੀ (ਮਹਿਰੋ ਵਾਲੇ) ਮਿੱਤਰ ਹਸਪਤਾਲ ਮੋਗੇ ਵਾਲੇ ਨੇ ਪਹੁੰਚ ਕੇ ਮਰੀਜ਼ਾਂ ਦਾ ਚੈੱਕਅਪ ਕੀਤਾ।ਮੈਡੀਕਲ ਕੈਂਪ ਦੌਰਾਨ ਲੋੜ ਅਨੁਸਾਰ ਮਰੀਜ਼ਾਂ ਦੇ ਟੈਸਟ ਫਰੀ ਕੀਤੇ ਗਏ ਤੇ ਦਵਾਈਆਂ ਵੀ ਮੁਫਤ ਦਿੱਤੀਆਂ ਗਈਆਂ।ਇਸ ਦੌਰਾਨ ਗੁਰੂ ਕਾ ਲੰਗਰ ਅਤੁੱਟ ਵਰਤਿਆ ਤੇ ਠੰਡੇ ਮਿੱਠੇ ਜਲ ਦੀ ਛਬੀਲ ਲਗਾ ਕੇ ਸੇਵਾ ਕੀਤੀ ਗਈ।ਅਖੀਰ ਸੇਵਾਦਾਰਾਂ ਵੱਲੋਂ ਮੈਡੀਕਲ ਕੈਂਪ ਤੇ ਖ਼ੂਨਦਾਨ ਕੈਂਪ ਵਿੱਚ ਪਹੁੰਚੇ ਸਾਰੇ ਸੱਜਣਾਂ ਦਾ ਧੰਨਵਾਦ ਕੀਤਾ ਗਿਆ।

## ਟ੍ਰੈਫਿਕ ਪੁਲਸ ਨੇ ਲਗਾਇਆ ਰੋਡ ਸੇਫਟੀ ਸੈਮੀਨਾਰ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਟ੍ਰੈਫਿਕ ਪੁਲਸ ਸੁਨਾਮ ਦੇ ਇੰਚਾਰਜ ਏ ਐੱਸ ਆਈ ਨਿਰਭੈ ਸਿੰਘ ਨੇ ਸ਼ਹੀਦ ਊਧਮ ਸਿੰਘ ਟੈਕਸੀ ਸਟੈਂਡ ਬਸ ਸਟੈਂਡ ਵਿਖੇ ਰੋਡ ਸੇਫਟੀ ਸੈਮੀਨਾਰ ਲਗਾਇਆ। ਉਨ੍ਹਾਂ ਕਿਹਾ ਕਿ ਸਭ ਤੋਂ ਪਹਿਲਾਂ ਡਰਾਈਵਰਾਂ ਨੂੰ ਸੇਫਟੀ ਬਾਰੇ ਪਤਾ ਹੋਣਾ ਚਾਹੀਦਾ ਹੈ।ਇਸ ਮੌਕੇ ਉਨ੍ਹਾਂ ਲੋਕਾਂ ਨੂੰ ਡਰਾਈਵਿੰਗ ਲਾਈਸੈਂਸ ਬਣਵਾਉਣ ਓਵਰ ਸਪੀਡ ਤੋਂ ਬਚਣ ਦੋ-ਪਹੀਆ ਵਾਹਨ ਚਲਾਉਂਦੇ ਸਮੇਂ ਹੈਲਮਟ ਪਹਿਨਣ ਤੇ ਨਸ਼ੇ ਦੀ ਹਾਲਤ ਵਿੱਚ ਵਾਹਨ ਨਾ ਚਲਾਉਣ ਦੀ ਸਲਾਹ ਦਿੱਤੀ। ਇਸ ਦੇ ਨਾਲ ਵਾਹਨਾਂ ਦੇ ਜ਼ਰੂਰੀ ਦਸਤਾਵੇਜ਼ ਪੂਰੇ ਰੱਖਣ ਲਈ ਵੀ ਪ੍ਰੇਰਿਤ ਕੀਤਾ।

ਪੁਲਸ ਵੱਲੋਂ 112 ਹੈਲਪਲਾਈਨ ਨੰਬਰ ਬਾਰੇ ਵੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ ਤਾਂ ਜੋ ਐਮਰਜੈਂਸੀ ਸਮੇਂ ਤੁਰੰਤ ਮਦਦ ਲਈ ਸੰਪਰਕ ਕੀਤਾ ਜਾ ਸਕੇ।ਇਸ ਤੋਂ ਇਲਾਵਾ ਸਾਈਬਰ ਕ੍ਰਾਈਮ ਰਾਹੀਂ ਹੋ ਰਹੀਆਂ ਠੱਗੀਆਂ ਤੋਂ ਬਚਣ ਲਈ ਲੋਕਾਂ ਨੂੰ ਸਾਵਧਾਨ ਕੀਤਾ ਤੇ 1930 ਸਾਈਬਰ ਹੈਲਪ ਲਾਈਨ ਨੰਬਰ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ।

## ਚੇਅਰਮੈਨ ਸੰਧੂ ਨੇ ਸਮਾਰਟ ਕਾਰਡ ਵੰਡਣ ਦੀ ਕਰਵਾਈ ਸ਼ੁਰੂਆਤ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਵੱਲੋਂ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਪਰਿਵਾਰਾਂ ਨੂੰ ਪਾਰਦਰਸ਼ੀ ਢੰਗ ਨਾਲ ਰਾਸ਼ਨ ਮੁਹੱਈਆ ਕਰਾਉਣ ਦੇ ਉਦੇਸ਼ ਨਾਲ ਸ਼ੁਰੂ ਕੀਤੀ ਗਈ ਸਮਾਰਟ ਕਾਰਡ ਯੋਜਨਾ ਦੇ ਤਹਿਤ ਐਡਵੋਕੇਟ ਰਜਨੀਸ਼ ਦਹੀਆ ਐੱਮ ਐੱਲ ਏ ਹਲਕਾ ਫਿਰੋਜ਼ਪੁਰ ਦਿਹਾਤੀ ਦੇ ਨਿਰਦੇਸ਼ਾਂ ਹੇਠ ਬਲਰਾਜ ਸਿੰਘ ਸੰਧੂ ਚੇਅਰਮੈਨ ਮਾਰਕੀਟ ਕਮੇਟੀ ਮਮਦੋਟ ਵੱਲੋਂ ਸਮਾਰਟ ਰਾਸ਼ਨ ਕਾਰਡ ਵੰਡਣ ਦੀ ਸ਼ੁਰੂਆਤ ਕਰਵਾਈ ਗਈ। ਇਸ ਮੌਕੇ ਬੋਲਦਿਆਂ ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਹਰ ਲੋੜਵੰਦ ਤੇ ਗਰੀਬਾਂ ਦੀ ਭਲਾਈ ਲਈ ਵਚਨਬੱਧ ਹੈ ਅਤੇ ਹਰ ਲੋੜਵੰਦ ਨੂੰ ਲੋੜੀਂਦਾ ਰਾਸ਼ਨ ਮੁਹੱਈਆ ਕਰਵਾਇਆ ਜਾਵੇਗਾ। ਉਨ੍ਹਾ ਕਿਹਾ ਕਿ ਸਮਾਰਟ ਕਾਰਡ ਜਾਰੀ ਹੋਣ ਨਾਲ ਲੋਕਾਂ ਨੂੰ ਬਿਲਕੁਲ ਪਾਰਦਰਸ਼ੀ ਢੰਗ ਨਾਲ ਲੋੜੀਂਦਾ ਰਾਸ਼ਨ ਬਿਨਾਂ ਕਿਸੇ ਖੱਜਲ ਖੁਆਰੀ ਦੇ ਮਿਲ ਸਕੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਉਨ੍ਹਾਂ ਨਾਲ ਉਪਿੰਦਰ ਸਿੰਘ ਸਿੱਧੀ ਪ੍ਰਧਾਨ ਨਗਰ ਪੰਚਾਇਤ ਮਮਦੋਟ, ਦਲਜੀਤ ਸਿੰਘ ਬਾਬਾ ਉੱਪ ਪ੍ਰਧਾਨ ਨਗਰ ਪੰਚਾਇਤ ਮਮਦੋਟ, ਤਰਸੇਮ ਸਿੰਘ ਸੋਨੂ ਛੱਪੜ, ਸੰਜੀਵ ਕੁਮਾਰ (ਚਿੰਟੂ) ਧਵਨ ਮਮਦੋਟ, ਕੇਵਲ ਕ੍ਰਿਸ਼ਨ ਡੀਪੂ ਹੋਲਡਰ ਤੇ ਐੱਮ ਸੀ ਮਮਦੋਟ, ਸੁਭਾਸ਼ ਕੁਮਾਰ ਬੱਤਾ ਵਾਰਡ ਨੰਬਰ 7, ਗੁਰਪ੍ਰੀਤ ਸਿੰਘ ਐੱਮ ਸੀ ਮਮਦੋਟ, ਕੁਲਦੀਪ ਸਿੰਘ ਇੰਸਪੈਕਟਰ ਫੂਡ ਸਪਲਾਈ ਤੇ ਹੋਰ ਬਹੁਤ ਸਾਰੇ ਆਗੂ ਤੇ ਵਰਕਰ ਹਾਜ਼ਰ ਸਨ।

## ਪਾਵਰਕਾਮ ਦੇ ਮੁੱਖ ਦਫਤਰ ਅੱਗੇ ਸੰਘਰਸ਼ ਕਰ ਰਹੇ ਆਈ ਟੀ ਆਈ ਪਾਸ ਨੌਜਵਾਨਾਂ 'ਤੇ ਲਾਠੀਚਾਰਜ ਦੀ ਸਖਤ ਨਿੰਦਾ

**ਪਟਿਆਲਾ (ਨ ਜ਼ ਸ)**-ਬਿਜਲੀ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਪ੍ਰਮੁੱਖ ਜਥੇਬੰਦੀਆਂ ਪੀ ਐੱਸ ਈ ਬੀ ਇੰਪਲਾਈਜ਼ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ, ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰਜ਼, ਗਰਿੱਡ ਸਬ ਸਟੇਸ਼ਨ ਇੰਪਲਾਈਜ਼ ਯੂਨੀਅਨ (ਰਜਿ. 24), ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ (ਏਟਕ) ਤੇ ਪੈਨਸ਼ਨ ਵੈੱਲਫ਼ੇਅਰ ਫੈਡਰੇਸ਼ਨ (ਪਹਿਲਵਾਨ) ਦੇ ਸੂਬਾਈ ਆਗੂਆਂ ਨੇ ਮੁੱਖ ਦਫਤਰ ਪਟਿਆਲਾ ਅੱਗੇ ਲੰਮੇਂ ਸਮੇਂ ਤੋਂ ਸੰਘਰਸ਼ ਕਰ ਰਹੇ ਆਈ ਟੀ ਆਈ ਪਾਸ ਨੌਜਵਾਨਾਂ ਉੱਪਰ ਕੀਤੇ ਵਹਿਸ਼ੀ ਪੁਲਸ ਲਾਠੀਚਾਰਜ ਦੀ ਸਖ਼ਤ ਨਿੰਦਾ ਕੀਤੀ ਹੈ।ਸਾਂਝੇ ਬਿਆਨ ਵਿੱਚ ਸ਼ਾਮਲ ਜਥੇਬੰਦੀਆਂ ਦੇ ਆਗੂਆਂ ਕੁਲਵਿੰਦਰ ਸਿੰਘ ਢਿੱਲੋਂ, ਮਨਜੀਤ ਸਿੰਘ ਬਾਸਰਕੇ, ਹਰਪਾਲ ਸਿੰਘ, ਗੁਰਵੇਲ ਸਿੰਘ ਬੱਲਪੁਰੀਆ, ਗੁਰਭੇਜ ਸਿੰਘ ਢਿੱਲੋਂ, ਰਵੇਲ ਸਿੰਘ ਸਹਾਏਪੁਰ, ਦੇਵਿੰਦਰ ਸਿੰਘ ਪਿਸ਼ੌਰ, ਕੌਰ ਸਿੰਘ ਸੋਹੀ, ਇੰਜ. ਰਣਜੀਤ ਸਿੰਘ ਢਿੱਲੋਂ, ਜਸਵੀਰ ਸਿੰਘ ਆਂਡਲੂ, ਪਵਨਪ੍ਰੀਤ ਸਿੰਘ, ਦਲੀਪ ਕੁਮਾਰ, ਗੁਰਪਿਆਰ ਸਿੰਘ, ਰਾਧੇ ਸ਼ਿਆਮ, ਬਾਬਾ ਅਮਰਜੀਤ ਸਿੰਘ, ਹਰਵਿੰਦਰ ਸਿੰਘ ਆਦਿ ਨੇ ਪ੍ਰੈੱਸ ਨੋਟ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਤੇ ਬਿਜਲੀ ਨਿਗਮ ਦੀ ਮੈਨੇਜਮੈਂਟ ਵੱਲੋਂ ਪੁਰਅਮਨ ਤਰੀਕੇ ਨਾਲ ਰੋਸ ਪ੍ਰਦਰਸ਼ਨ ਕਰ ਰਹੇ ਨੌਜਵਾਨਾਂ ਨਾਲ ਪਾਵਰ ਮੈਨੇਜਮੈਂਟ ਨੇ ਗੱਲਬਾਤ ਰਾਹੀਂ ਮਸਲੇ ਨੂੰ ਹੱਲ ਕਰਨ ਦੀ ਬਜਾਏ ਡੰਡੇ ਦੇ ਜ਼ੋਰ ਨਾਲ ਸੰਘਰਸ਼ ਨੂੰ ਦਬਾਉਣ ਦੀ ਨੀਤੀ ਤਹਿਤ ਵਹਿਸ਼ੀ ਲਾਠੀਚਾਰਜ ਕਰਵਾਇਆ ਹੈ।ਆਗੂਆਂ ਨੇ ਕਿਹਾ ਕਿ ਸੰਘਰਸ਼ ਕਰ ਰਹੇ ਨੌਜਵਾਨਾਂ ਦੀ ਨਵੇਂ ਸੀ ਆਰ ਏ ਰਾਹੀਂ ਜਲਦੀ ਪੇਪਰ ਲੈ ਕੇ ਆਈ ਟੀ ਆਈ ਅਪ੍ਰੈਂਟਿਸ਼ਿਪ ਤੇ ਆਈ ਟੀ ਆਈ ਪਾਸ ਯੋਗਤਾ ਵਾਲੇ ਨੌਜਵਾਨਾਂ ਨੂੰ ਲਾਈਨਮੈਨ ਤੇ ਸਹਾਇਕ ਲਾਈਨਮੈਨ ਦੇ ਤੌਰ 'ਤੇ ਅਦਾਰੇ ਅੰਦਰ ਭਰਤੀ ਕਰਨ ਦਾ ਵਾਅਦਾ ਕੀਤਾ ਸੀ, ਜਿਸ ਤੋਂ ਪਾਵਰ ਮੈਨੇਜਮੈਂਟ ਪਿਛੇ ਹੱਟ ਗਈ ਹੈ।ਸਾਂਝੇ ਬਿਆਨ ਦੇ ਆਗੂਆਂ ਨੇ ਨੌਜਵਾਨਾਂ ਉੱਪਰ ਲਾਠੀਚਾਰਜ ਕੀਤੇ ਜਾਣ ਨੂੰ ਮੰਦਭਾਗਾ ਦੱਸਦਿਆਂ ਸੰਘਰਸ਼ ਕਰ ਰਹੇ ਸੰਘਰਸ਼ੀ ਨੌਜਵਾਨਾਂ ਦੇ ਸੰਘਰਸ਼ ਦੀ ਡਟਵੀਂ ਹਮਾਇਤ ਕੀਤੀ ਹੈ।ਜਥੇਬੰਦੀਆਂ ਨੇ ਮੰਗ ਕੀਤੀ ਹੈ ਕਿ ਅਪ੍ਰੈਂਟਿਸ਼ਿਪ ਤੇ ਆਈ ਟੀ ਆਈ ਪਾਸ ਨੌਜਵਾਨਾਂ ਨੂੰ ਯੋਗਤਾ ਦੇ ਆਧਾਰ ਤੇ ਤੁਰੰਤ ਅਦਾਰੇ ਅੰਦਰ ਲਾਈਨਮੈਨ/ਸਹਾਇਕ ਲਾਇਨਮੈਨ ਭਰਤੀ ਕੀਤਾ ਜਾਵੇ ਤਾਂ ਜੋ ਪੰਜਾਬ ਦੇ ਵੱਡਮੁੱਲੇ ਖਪਤਕਾਰਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਮੁਹੱਈਆ ਕਰਵਾਉਣ ਲਈ ਕੰਮ ਦੇ ਦਬਾਅ ਹੇਠ ਕੰਮ ਕਰ ਰਹੇ ਬਿਜਲੀ ਕਾਮਿਆਂ ਨੂੰ ਕੁੱਝ ਰਾਹਤ ਵੀ ਮਿਲ ਸਕੇ ਤੇ ਬੇਰੁਜ਼ਗਾਰੀ ਦੇ ਝੰਬੇ ਸੰਘਰਸ਼ ਕਰ ਰਹੇ ਨੌਜਵਾਨਾਂ ਨੂੰ ਰੁਜ਼ਗਾਰ ਮਿਲ ਜਾਣ ਦੇ ਨਾਲ ਨਾਲ ਆਪਣੀਆਂ ਕੀਮਤੀ ਜਾਨਾਂ ਗਵਾ ਕੇ ਲਗਾਤਾਰ ਸਪਲਾਈ ਚਾਲੂ ਰੱਖਣ ਵਾਲੇ ਬਿਜਲੀ ਮੁਲਾਜ਼ਮਾਂ ਨੂੰ ਵੀ ਰਾਹਤ ਮਿਲ ਸਕੇ।ਜਥੇਬੰਦੀਆਂ ਨੇ ਪੰਜਾਬ ਸਰਕਾਰ ਤੇ ਬਿਜਲੀ ਨਿਗਮ ਦੀ ਮੈਨੇਜਮੈਂਟ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸੰਘਰਸ਼ ਕਰ ਰਹੇ ਨੌਜਵਾਨਾਂ ਨੂੰ ਉਨ੍ਹਾਂ ਦਾ ਬਣਦਾ ਹੱਕ ਦੇਣ ਦੀ ਥਾਂ ਤੇ ਸਰਕਾਰ ਵੱਲੋਂ ਟਕਰਾਅ ਦੀ ਨੀਤੀ ਅਪਣਾਈ ਜਾਂਦੀ ਹੈ ਤਾਂ ਜੱਥੇਬੰਦੀਆਂ ਇਸ ਧੱਕੇਸ਼ਾਹੀ ਖਿਲਾਫ਼ ਤਿੱਖਾ ਸੰਘਰਸ਼ ਉਲੀਕਣ ਲਈ ਮਜਬੂਰ ਹੋਣਗੀਆਂ, ਜਿਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਤੇ ਬਿਜਲੀ ਨਿਗਮ ਦੀ ਮੈਨੇਜਮੈਂਟ ਦੀ ਆਪਣੀ ਹੋਵੇਗੀ।

## ਸਫਾ 1 ਦੇ ਬਾਕੀ...

### ਐਡਵੋਕੇਟ ਗੁਰਮੀਤ ਸਿੰਘ...

(ਸਫਾ 1 ਤੋਂ ਅੱਗੇ)

ਹਨ। ਐਡਵੋਕੇਟ ਸ਼ੁਗਲੀ ਇਨ੍ਹਾਂ ਦੇ ਵੀ ਸੰਗੀ-ਸਾਥੀ ਰਹੇ।ਮਾਨਕ ਨੇ ਕਿਹਾ ਕਿ ਨਵਾਂ ਜ਼ਮਾਨਾ ਨੇ ਪੱਤਰਕਾਰੀ ਤੇ ਸਿਆਸਤ ਵਿੱਚ ਵੱਡਾ ਰੋਲ ਅਦਾ ਕੀਤਾ ਹੈ। ਇਸ ਨੂੰ ਹੋਰ ਵਡੇਰਾ ਕਰਨ ਲਈ ਐਡਵੋਕੇਟ ਸ਼ੁਗਲੀ ਹਮੇਸ਼ਾ ਯਤਨਸ਼ੀਲ ਰਹੇ।

ਮਾਨਕ ਨੇ ਮੁਲਕ ਦੇ ਹਾਲਾਤ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ 2014 ਵਿੱਚ ਜਦੋਂ ਮੋਦੀ ਸਰਕਾਰ ਹੋਂਦ ਵਿੱਚ ਆਈ ਤਾਂ ਕੁਝ ਲੋਕ ਇਹ ਭਰਮ ਪਾਲਣ ਲੱਗੇ ਕਿ ਦੇਸ਼ ਹੁਣ ਆਜ਼ਾਦ ਹੋਇਆ ਹੈ। ਅਸਲੀਅਤ ਇਹ ਹੈ ਕਿ ਮੋਦੀ ਸਰਕਾਰ ਆਉਣ ਤੋਂ ਬਾਅਦ ਦੇਸ਼ ਗੁਲਾਮੀ ਵੱਲ ਜਾ ਰਿਹਾ ਹੈ।

ਆਰ ਐੱਮ ਪੀ ਆਈ ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਨੇ ਐਡਵੋਕੇਟ ਸ਼ੁਗਲੀ ਨੂੰ ਯਾਦ ਕਰਦਿਆਂ ਕਿਹਾ ਕਿ ਜਦੋਂ ਤੋਂ ਮੈਂ ਉਨ੍ਹਾਂ ਨੂੰ ਜਾਣਦਾ ਹਾਂ, ਇੱਕ ਚੰਗੇ ਇਨਸਾਨ ਨੂੰ ਸਮਝਣ ਲਈ ਉਹ ਕਾਫ਼ੀ ਸਮਾਂ ਹੁੰਦਾ ਹੈ। ਦੇਸ਼ ਦੀ ਸਿਆਸੀ ਹਾਲਾਤ ਦਾ ਜ਼ਿਕਰ ਕਰਦਿਆਂ ਕਾਮਰੇਡ ਪਾਸਲਾ ਨੇ ਕਿਹਾ ਕਿ ਆਰ ਐੱਸ ਐੱਸ ਵੱਲੋਂ ਲੋਕਾਂ ਨਾਲ ਫਰੇਬ ਕੀਤਾ ਜਾ ਰਿਹਾ ਹੈ। ਆਰ ਐੱਸ ਐੱਸ ਦਾ ਜੇਕਰ ਕੋਈ ਪ੍ਰਪੱਕਤਾ ਨਾਲ ਵਿਰੋਧ ਕਰਦਾ ਹੈ ਤਾਂ ਉਹ ਲਾਲ ਝੰਡੇ ਵਾਲੇ ਹੀ ਹਨ। ਉਨ੍ਹਾ ਕਿਹਾ ਕਿ ਆਰ ਐੱਸ ਐੱਸ ਵੱਲੋਂ ਹਿਟਲਰ ਦੀ ਫੋਟੋ ਲਾਹ ਕੇ ਮਹਾਰਾਜਾ ਰਣਜੀਤ ਸਿੰਘ ਦੀ ਤਸਵੀਰ ਲਾਉਣਾ ਵੀ ਇੱਕ ਹੋਰ ਫਰੇਬ ਹੈ।

ਕਾਮਰੇਡ ਪਾਸਲਾ ਨੇ ਵੀ ਖੱਬੀਆਂ ਧਿਰਾਂ ਦੀ ਏਕਤਾ 'ਤੇ ਜ਼ੋਰ ਦਿੱਤਾ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਕਾਮਰੇਡ ਗੁਰਮੀਤ ਨੇ ਐਡਵੋਕੇਟ ਸ਼ੁਗਲੀ ਨਾਲ ਆਪਣੇ ਮੋਹ ਭਿੱਜੇ ਰਿਸ਼ਤਿਆਂ ਦਾ ਵਿਸਥਾਰ ਨਾਲ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਸ਼ੁਗਲੀ ਸੰਜੀਦਾ ਤੇ ਪੇਚੀਦਾ ਮਸਲਿਆ ਦਾ ਹੱਲ ਵੀ ਸ਼ੁਗਲ-ਸ਼ੁਗਲ ਵਿੱਚ ਹੀ ਕਰ ਦਿੰਦੇ ਸਨ। ਕਾਮਰੇਡ ਗੁਰਮੀਤ ਨੇ 1970ਵਿਆਂ ਵਿੱਚ ਕਮਿਊਨਿਸਟਾਂ ਦੀ ਚੜ੍ਹਤ ਦੇ ਸਮਿਆਂ ਨੂੰ ਵੀ ਯਾਦ ਕੀਤਾ। ਨਵਾਂ ਜ਼ਮਾਨਾ ਦੀ ਸੰਚਾਲਕ ਸੰਸਥਾ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ ਦੇ ਸਕੱਤਰ ਕਾਮਰੇਡ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਐਡਵੋਕੇਟ ਸ਼ੁਗਲੀ ਨਾਲ ਆਪਣੀ ਨੇੜਤਾ ਦਾ ਦੋਸਤੀ ਵਿੱਚ ਬਦਲ ਜਾਣ ਦਾ ਭਾਵਪੂਰਤ ਜ਼ਿਕਰ ਕੀਤਾ। ਕਾਮਰੇਡ ਮਾੜੀਮੇਘਾ ਨੇ ਇੱਕ ਹੋਰ ਪੱਖ ਦਾ ਵੀ ਜ਼ਿਕਰ ਕੀਤਾ। ਉਨ੍ਹਾ ਕਿਹਾ ਕਿ ਜੇਕਰ ਸ਼ੁਗਲੀ ਪਰਵਾਰ ਕਮਿਊਨਿਸਟ ਹੈ ਤਾਂ ਉਨ੍ਹਾਂ ਦਾ ਸਹੁਰਾ ਪਰਵਾਰ ਬੱਬਰਾਂ ਨਾਲ ਸੰਬੰਧਤ ਹੈ। ਐਡਵੋਕੇਟ ਸ਼ੁਗਲੀ ਦੀ ਜੀਵਨ ਸਾਥਣ ਬੱਬਰ ਸੁਰੈਣ ਸਿੰਘ ਦੀ ਧੀ ਹੈ।

ਸਮਾਗਮ ਨੂੰ ਸੰਬੋਧਨ ਕਰਦਿਆਂ ਸਵਰਨ ਸਿੰਘ ਟਹਿਣਾ ਨੇ ਕਿਹਾ ਕਿ ਸ਼ੁਗਲੀ ਹੁਰੀਂ ਆਪਣੀਆਂ ਕਿਤਾਬ ਦੇ ਰੂਪ ਵਿੱਚ ਹਮੇਸ਼ਾ ਸਾਡੇ ਅੰਗ-ਸੰਗ ਰਹਿਣਗੇ। ਸਿਮਰਤੀ ਸਮਾਗਮ ਵਿੱਚ ਸ਼ਾਮਲ ਹੋਣ ਵਾਲਿਆਂ ਦਾ ਧੰਨਵਾਦ ਕਰਦਿਆਂ ਡਾ. ਜਸ ਮੰਡ ਨੇ ਕਿਹਾ ਕਿ ਚਾਚਾ ਜੀ (ਸ਼ੁਗਲੀ) ਮੇਰੇ ਭਰਾਵਾਂ ਵਾਂਗ ਵੀ ਸਨ ਦੋਸਤ ਵੀ ਤੇ ਅਧਿਆਪਕ ਵੀ। ਉਨ੍ਹਾਂ ਦੇ ਪੂਰੇ ਹੋ ਜਾਣ ਵਕਤ ਵੀ ਅਸੀਂ ਮਾਤਮ ਨਹੀਂ ਸਗੋਂ 'ਜ਼ਿੰਦਗੀ ਦਾ ਜਸ਼ਨ' ਸਮਾਗਮ ਰਾਹੀਂ ਉਨ੍ਹਾਂ ਨੂੰ ਯਾਦ ਕੀਤਾ ਸੀ। ਸਿਮਰਤੀ ਸਮਾਗਮ ਦੀ ਸਫ਼ਲਤਾ ਦਾ ਸਿਹਰਾ ਐਡਵੋਕੇਟ ਰਜਿੰਦਰ ਮੰਡ ਨੂੰ ਦਿੰਦਿਆਂ ਕਿਹਾ ਕਿ ਸਮਾਗਮ ਸਿਆਸੀ, ਸਮਾਜੀ ਸਰਕਾਰਾਂ ਦਾ ਸੰਵਾਦ ਹੋ ਨਿੱਬੜਿਆ ਹੈ।

ਸਮਾਗਮ ਨੂੰ ਪੰਜਾਬ ਇਸਤਰੀ ਸਭਾ ਦੀ ਜਨਰਲ ਸਕੱਤਰ ਰੁਪਿੰਦਰ ਕੌਰ ਮਾੜੀਮੇਘਾ, 'ਲੋਹ ਮਣੀ' ਦੇ ਸੰਪਾਦਕ ਗੁਰਮੇਲ ਸਿੰਘ ਬੌਡੇ, ਪੰਜਾਬ ਪੈਨਸ਼ਨਰ ਯੂਨੀਅਨ ਦੇ ਆਗੂ ਜਗਤਾਰ ਸਿੰਘ ਭੁੰਗਰਨੀ, ਐਡਵੋਕੇਟ ਬਲਵਿੰਦਰ ਕੁਮਾਰ, ਐਡਵੋਕੇਟ ਅਮਰੀਕ ਸਿੰਘ ਸੈਣੀ, ਐਡਵੋਕੇਟ ਮਧੂ ਰਚਨਾ ਤੇ ਰੂਪ ਲਾਲ (ਦੂਰਦਰਸ਼ਨ) ਨੇ ਵੀ ਸੰਬੋਧਨ ਕੀਤਾ। ਸਿਮਰਤੀ ਸਮਾਗਮ 'ਚ ਹਰਬੰਸ ਸਿੰਘ ਠੇਠੀ ਦਾ ਸੰਦੇਸ਼ ਵੀ ਪੜ੍ਹ ਕੇ ਸੁਣਾਇਆ ਗਿਆ। ਸਮਾਗਮ ਵਿੱਚ ਨਵਾਂ ਜ਼ਮਾਨਾ ਦੇ ਸੰਪਾਦਕ ਚੰਦ ਫਤਿਹਪੁਰੀ, ਸਟਾਫ਼, ਸ਼ੁਗਲੀ ਜੀ ਦਾ ਸਮੁੱਚਾ ਪਰਵਾਰ, ਉੱਘੇ ਲੇਖਕ ਬਲਬੀਰ ਪਰਵਾਨਾ, ਭਗਵੰਤ ਰਸੂਲਪੁਰੀ, ਭੈਣ ਸੁਰਿੰਦਰ ਕੁਮਾਰੀ ਕੋਛੜ, ਸੀ ਪੀ ਆਈ ਮੋਗਾ ਦੇ ਸਕੱਤਰ ਕੁਲਦੀਪ ਭੋਲਾ ਤੇ ਹੋਰ ਬਹੁਤ ਸਾਰੇ ਬੁੱਧੀਜੀਵੀ, ਵਕੀਲ ਤੇ ਅਧਿਆਪਕ ਸ਼ਾਮਲ ਸਨ।

### ਕੌਣ ਹਾਸਲ ਕਰੇਗਾ...

ਕੀਤੇ ਪਰ ਐਮਬਾਪੇ ਇੱਕ ਗੋਲ ਵੱਧ ਕਰਕੇ ਗੋਲਡਨ ਬੂਟ ਲੈ ਗਿਆ।

38 ਸਾਲਾ ਮੈਸੀ ਲਈ ਇਹ ਵਿਸ਼ਵ ਕੱਪ ਸ਼ਾਇਦ ਆਖਰੀ ਹੋਵੇ। ਅਰਜਨਟੀਨਾ ਦੇ ਜੂਲੀਅਨ ਅਲਵਾਰੇਜ਼ ਦਾ ਸਭ ਤੋਂ ਵੱਧ ਗੋਲ ਕਰਨ ਲਈ ਆਪਣੀ ਟੀਮ ਦੇ ਹੀ ਦੋ ਸਾਥੀਆਂ ਮੈਸੀ ਅਤੇ ਲੌਟਾਰੋ ਮਾਰਟੀਨੇਜ਼ ਨਾਲ ਮੁਕਾਬਲਾ ਹੋਵੇਗਾ।

ਬ੍ਰਾਜ਼ੀਲ ਦੇ ਵਿਨੀਸ਼ੀਅਸ ਜੂਨੀਅਰ ਨੇ ਇਸ ਸੀਜ਼ਨ ਵਿੱਚ ਰਿਆਲ ਮੈਡ੍ਰਿਡ ਲਈ ਲਗਾਤਾਰ ਗੋਲ ਕੀਤੇ ਹਨ, ਜਿਸ ਵਿੱਚ ਲਾ ਲੀਗਾ ਵਿੱਚ 16 ਅਤੇ ਚੈਂਪੀਅਨਜ਼ ਲੀਗ ਵਿੱਚ ਪੰਜ ਗੋਲ ਸ਼ਾਮਲ ਹਨ। ਭਾਵੇਂ ਕਿ ਕੌਮਾਂਤਰੀ ਪੱਧਰ 'ਤੇ ਇਹ 25 ਸਾਲਾ ਖਿਡਾਰੀ ਬਹੁਤ ਘੱਟ ਸਫਲ ਰਿਹਾ ਹੈ, ਪਰ ਵਿਸ਼ਵ ਕੱਪ ਵਿੱਚ ਬ੍ਰਾਜ਼ੀਲ ਨੂੰ ਉਸਤੋਂ ਕਾਫੀ ਉਮੀਦਾਂ ਹਨ।

ਫਰਾਂਸ ਦੇ 29 ਸਾਲਾ ਉਸਮਾਨੇ ਡੈਂਬੇਲੇ ਨੇ 2025-2026 ਦੇ ਸੀਜ਼ਨ ਵਿੱਚ ਪੈਰਿਸ-ਸੇਂਟ ਜਰਮੇਨ ਕਲੱਬ ਲਈ ਹਰ ਦੂਜੇ ਮੈਚ ਵਿੱਚ ਇੱਕ ਗੋਲ ਕੀਤਾ, ਪਰ ਉਹ 2024-2025 ਵਿੱਚ ਹੋਰ ਵੀ ਪ੍ਰਭਾਵਸ਼ਾਲੀ ਰਿਹਾ ਸੀ, ਜਦੋਂ ਉਸਨੇ 53 ਮੈਚਾਂ ਵਿੱਚ 35 ਗੋਲ ਕਰਕੇ ਬੈਲਨ ਡੀ'ਓਰ ਖਿਤਾਬ ਹਾਸਲ ਕੀਤਾ। ਜੇ ਫਰਾਂਸ ਟੂਰਨਾਮੈਂਟ ਦੇ ਆਖਰੀ ਗੇੜ ਵਿੱਚ ਥਾਂ ਬਣਾ ਗਿਆ ਤਾਂ ਉਹ ਐਮਬਾਪੇ ਨੂੰ ਗੋਲਡਨ ਬੂਟ ਲਈ ਟੱਕਰ ਦੇ ਸਕਦਾ ਹੈ।

41 ਸਾਲ ਦੀ ਉਮਰ ਵਿੱਚ, ਇਹ ਇੱਕ ਸ਼ਾਨਦਾਰ ਪ੍ਰਾਪਤੀ ਹੋਵੇਗੀ ਜੇ ਪੁਰਤਗਾਲ ਦਾ ਕ੍ਰਿਸਟੀਆਨੋ ਰੋਨਾਲਡੋ ਇਸ ਵਿਸ਼ਵ ਕੱਪ ਵਿੱਚ ਸਕੋਰਿੰਗ ਚਾਰਟ ਵਿੱਚ ਸਿਖਰ 'ਤੇ ਰਿਹਾ। ਹਾਲ ਹੀ ਦੇ ਸਾਊਦੀ ਪ੍ਰੋ ਲੀਗ ਸੀਜ਼ਨ ਦੌਰਾਨ ਉਸਨੇ ਅਲ ਨਾਸਰ ਕੱਲਬ ਲਈ 30 ਮੈਚਾਂ ਵਿੱਚ 28 ਗੋਲ ਕੀਤੇ ਹਨ। ਉਹ ਪੰਜ ਵਿਸ਼ਵ ਕੱਪਾਂ ਵਿੱਚ ਅੱਠ ਗੋਲ ਕਰ ਚੁੱਕਾ ਹੈ।

## ਝਾੜ ਸਾਹਿਬ ਕਾਲਜ ਵਿਦਿਆਰਥਣਾਂ ਦੀ ਬਹੁਪੱਖੀ ਸ਼ਖ਼ਸੀਅਤ ਦੇ ਵਿਕਾਸ ਲਈ ਪ੍ਰਤੀਬੱਧ : ਪ੍ਰਿੰਸੀਪਲ



**ਸਮਰਾਲਾ (ਸੁਰਜੀਤ ਸਿੰਘ)**-ਲੜਕੀਆਂ ਦੀ ਉਚੇਰੀ ਸਿੱਖਿਆ ਲਈ ਇਸ ਪੇਂਡੂ ਇਲਾਕੇ ਦੀ ਇੱਕੋ ਇੱਕ ਵਿੱਦਿਅਕ ਸੰਸਥਾ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ ਝਾੜ ਸਾਹਿਬ, ਜੋ ਕਿ ਐੱਸਜੀਪੀਸੀ ਦੀ ਦੇਖ-ਰੇਖ ਵਿੱਚ ਚਲਦੀ ਹੈ, ਵਿੱਚ ਨਵੇਂ ਸੈਸ਼ਨ ਦੇ ਦਾਖਲਿਆਂ ਲਈ ਲੜਕੀਆਂ ਵਿੱਚ ਵਿਸ਼ੇਸ਼ ਉਤਸ਼ਾਹ ਪਾਇਆ ਜਾ ਰਿਹਾ ਹੈ।ਇਹ ਵਿਚਾਰ ਇੱਥੇ ਕਾਲਜ ਪ੍ਰਿੰਸੀਪਲ ਡਾ. ਰਾਜਿੰਦਰ ਕੌਰ ਨੇ ਇਸ ਪੱਤਰਕਾਰ ਨਾਲ ਗੱਲ ਕਰਦਿਆਂ ਪ੍ਰਕਟ ਕੀਤੇ।ਉਨ੍ਹਾਂ ਕਿਹਾ ਕਿ ਜਦਕਿ ਵਿੱਦਿਅਕ ਸੰਸਥਾਵਾਂ ਦਾਖਲਿਆਂ ਲਈ ਸੰਚਾਰ ਮਾਧਿਅਮਾਂ ਰਾਹੀਂ ਪ੍ਰਚਾਰ ਕਰਦੀਆਂ ਹਨ, ਪਰ ਕਾਲਜ ਦਾ ਅਨੁਸ਼ਾਸਨ ਤੇ ਵਿਦਿਆਰਥਣਾਂ ਦੇ ਅਕਾਦਮਿਕ ਸਿਲੇਬਸ ਤੋਂ ਹਟ ਕੇ ਉਨ੍ਹਾਂ ਦੇ ਬਹੁ-ਪੱਖੀ ਵਿਕਾਸ ਤੇ ਆਤਮ ਵਿਸ਼ਵਾਸ ਪੈਦਾ ਕਰਨ ਦੇ ਕਾਲਜ ਦੀ ਪ੍ਰਤੀਬੱਧਤਾ ਦੇ ਉਦੇਸ਼ ਦੇ ਚਲਦਿਆਂ ਇਲਾਕੇ ਦੀਆਂ ਵਿਦਿਆਰਥਣਾਂ ਆਪ ਮੁਹਾਰੇ ਕਾਲਜ ਵਿੱਚ ਦਾਖਲੇ ਲਈ ਆ ਰਹੀਆਂ ਹਨ।ਪ੍ਰਿੰਸੀਪਲ ਅਨੁਸਾਰ 'ਅੰਡਰ ਗ੍ਰੈਜੂਏਸ਼ਨ ਪੱਧਰ' 'ਤੇ ਆਨ-ਲਾਈਨ ਪੋਰਟਲ 'ਤੇ ਇੱਕ ਜੂਨ ਤੋਂ ਦਾਖਲਾ ਸ਼ੁਰੂ ਹੋ ਚੱਕਿਆ ਹੈ।ਕਾਲਜ ਵਿੱਚ ਮੈਡੀਕਲ, ਨਾਨ-ਮੈਡੀਕਲ, ਕਾਮਰਸ ਤੇ ਆਰਟਸ, ਬੀ.ਏ, ਬੀ.ਕਾਮ, ਬੀ.ਸੀ.ਏ, ਬੀ.ਐੱਸ ਸੀ (ਐੱਫ.ਡੀ), ਐੱਮ ਏ ਪੰਜਾਬੀ, ਐੱਮ.ਐੱਸ.ਸੀ. (ਆਈ ਟੀ), ਪੀ.ਜੀ.ਡੀ.ਐੱਫ. ਡੀ, ਪੀ.ਜੀ.ਡੀ.ਸੀ. ਏ ਆਦਿ ਕੋਰਸ ਕਾਲਜ ਸਟਾਫ਼ ਦੇ ਕੁਸ਼ਲ ਦਿਸ਼ਾ ਨਿਰਦੇਸ਼ ਅਧੀਨ ਸਫਲਤਾ ਪੂਰਵਕ ਚੱਲ ਰਹੇ ਹਨ।ਕਾਲਜ ਵਿਖੇ ਵੱਖ-ਵੱਖ ਵਜ਼ੀਫ਼ੇ ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਐੱਸ ਸੀ, ਬੀ ਸੀ, ਘੱਟ ਗਿਣਤੀ, ਨਿਸ਼ਕਾਮ ਤੇ ਐੱਲ.ਆਈ.ਸੀ. ਆਦਿ ਦੀ ਸਹੂਲਤ ਦਿੱਤੀ ਜਾਂਦੀ ਹੈ।ਉਨ੍ਹਾਂ ਦੱਸਿਆ ਕਿ ਐੱਸ.ਜੀ.ਪੀ.ਸੀ. ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਅੰਮ੍ਰਿਤਧਾਰੀ ਵਿਦਿਆਰਥਣਾਂ ਨੂੰ ਵਜ਼ੀਫੇ ਵੀ ਦਿੱਤੇ ਜਾ ਰਹੇ ਹਨ।ਉਚੇਰੀ ਸਿੱਖਿਆ, ਬੁੱਧੀ ਤੇ ਚਰਿੱਤਰ ਨਿਰਮਾਣ ਦੇ ਨਾਲ-ਨਾਲ ਹੁਨਰਮੰਦ ਸ਼ਖਸੀਅਤ ਉਸਾਰੂ ਕਾਰਜ ਲਈ ਇਹ ਸੰਸਥਾ ਵਚਨਬੱਧ ਹੈ।ਕਾਲਜ ਵਿੱਚ ਉੱਚ ਪੱਧਰੀ ਆਈ.ਸੀ.ਟੀ. ਲੈਬ, ਸਮਾਰਟ ਕਲਾਸ ਰੂਮ, ਲਾਇਬ੍ਰੇਰੀ, ਹੋਸਟਲ ਦੀਆਂ ਸਹੂਲਤਾਂ ਉਪਲੱਬਧ ਹਨ।ਵਿਦਿਆਰਥਣਾਂ ਨੂੰ ਖੇਡਾਂ ਤੇ ਸੱਭਿਆਚਾਰਕ ਸਰਗਰਮੀਆਂ ਵਿੱਚ ਭਾਗ ਲੈਣ ਲਈ ਵੀ ਉਤਸ਼ਾਹਤ ਕੀਤਾ ਜਾਂਦਾ ਹੈ।

## 'ਇੱਕ ਰੁੱਖ ਮਾਂ ਦੇ ਨਾਮ' ਤਹਿਤ ਫੋਕਲ ਪੁਆਇੰਟ ਵਿਖੇ ਲਾਏ ਬੂਟੇ



**ਸੰਗਰੂਰ (ਪ੍ਰਵੀਨ ਸਿੰਘ)**-ਵਿਸ਼ਵ ਵਾਤਾਵਰਣ ਦਿਵਸ ਦੇ ਸਬੰਧ ਵਿੱਚ ਤੇ ਦੇਸ਼-ਵਿਆਪੀ 'ਇੱਕ ਰੁੱਖ ਮਾਂ ਦੇ ਨਾਮ' ਮੁਹਿੰਮ ਤਹਿਤ ਫੋਕਲ ਪੁਆਇੰਟ ਸੰਗਰੂਰ ਵਿਖੇ ਬੂਟੇ ਲਾਉਣ ਦੀ ਮੁਹਿੰਮ ਸ਼ੁਰੂ ਕੀਤੀ ਗਈ।ਇਸ ਪਹਿਲ ਦਾ ਉਦੇਸ਼ ਉਦਯੋਗਿਕ ਖੇਤਰ ਵਿੱਚ ਹਰਿਆਵਲ ਨੂੰ ਵਧਾਉਣਾ ਤੇ ਵਾਤਾਵਰਣ ਸੰਭਾਲ ਨੂੰ ਉਤਸ਼ਾਹਤ ਕਰਨਾ ਸੀ।ਇਸ ਮੌਕੇ ਸੰਬੋਧਨ ਕਰਦਿਆਂ ਖੇਤਰੀ ਦਫ਼ਤਰ ਸੰਗਰੂਰ ਦੇ ਵਾਤਾਵਰਨ ਇੰਜੀਨੀਅਰ ਰੋਹਿਤ ਸਿੰਗਲਾ ਨੇ ਬੂਟੇ ਲਗਾਉਣ ਦੀ ਮਹੱਤਤਾ ਉੱਤੇ ਜ਼ੋਰ ਦਿੰਦਿਆਂ ਕਿਹਾ ਕਿ ਰੁੱਖ ਜਲਵਾਯੂ ਪਰਿਵਰਤਨ ਦੇ ਪ੍ਰਭਾਵਾਂ ਨੂੰ ਘਟਾਉਣ, ਹਵਾ ਦੀ ਗੁਣਵੱਤਾ ਵਿੱਚ ਸੁਧਾਰ ਲਿਆਉਣ ਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਸਿਹਤਮੰਦ ਵਾਤਾਵਰਣ ਸਿਰਜਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।ਉਨ੍ਹਾਂ ਉਦਯੋਗਿਕ ਇਕਾਈਆਂ ਤੇ ਆਮ ਨਾਗਰਿਕਾਂ ਨੂੰ ਵਾਤਾਵਰਣ ਸੰਭਾਲ ਗਤੀਵਿਧੀਆਂ ਵਿੱਚ ਸਰਗਰਮ ਭਾਗੀਦਾਰੀ ਕਰਨ ਤੇ ਟਿਕਾਊ ਵਿਕਾਸ ਨੂੰ ਅਪਣਾਉਣ ਦੀ ਅਪੀਲ ਕੀਤੀ।ਬੂਟੇ ਲਾਉਣ ਦੀ ਮੁਹਿੰਮ ਵਿੱਚ ਖੇਤਰੀ ਦਫ਼ਤਰ, ਸੰਗਰੂਰ ਦੇ ਅਧਿਕਾਰੀਆਂ ਤੇ ਸੰਗਰੂਰ ਜ਼ਿਲ੍ਹਾ ਉਦਯੋਗਿਕ ਚੈਂਬਰ ਦੇ ਨੁਮਾਇੰਦਿਆਂ ਨੇ ਉਤਸ਼ਾਹ ਨਾਲ ਭਾਗ ਲਿਆ।ਇਸ ਦੌਰਾਨ ਫੋਕਲ ਪੁਆਇੰਟ ਸੰਗਰੂਰ ਦੇ ਵੱਖ-ਵੱਖ ਸਥਾਨਾਂ, ਖ਼ਾਸ ਕਰਕੇ ਘੱਟ ਰੁੱਖਾਂ ਵਾਲੇ ਖੇਤਰਾਂ ਵਿੱਚ ਲਗਭਗ 50 ਬੂਟੇ ਲਗਾਏ ਗਏ।ਭਾਗੀਦਾਰਾਂ ਨੇ ਭਵਿੱਖ ਵਿੱਚ ਹੋਰ ਵੱਧ ਬੂਟੇ ਲਗਾਉਣ ਤੇ ਇਨ੍ਹਾਂ ਦੀ ਸੰਭਾਲ ਤੇ ਦੇਖਭਾਲ ਨੂੰ ਯਕੀਨੀ ਬਣਾਉਣ ਦੀ ਸਹੁੰ ਵੀ ਚੁੱਕੀ।ਇਸ ਮੌਕੇ ਸੰਗਰੂਰ ਜ਼ਿਲ੍ਹਾ ਉਦਯੋਗਿਕ ਚੈਂਬਰ ਦੇ ਜ਼ਿਲ੍ਹਾ ਜਨਰਲ ਸਕੱਤਰ ਐਮ.ਪੀ. ਸਿੰਘ, ਬੋਰਾਲਾਲ, ਚੈਂਬਰ ਦੇ ਹੋਰ ਮੈਂਬਰਾਂ ਤੇ ਖੇਤਰੀ ਦਫ਼ਤਰ, ਸੰਗਰੂਰ ਦੇ ਅਧਿਕਾਰੀ ਹਾਜ਼ਰ ਸਨ।

## ਜੈਨਸਿਸ ਡੈਂਟਲ ਕਾਲਜ ਵੱਲੋਂ ਮੁਫ਼ਤ ਔਰਲ ਕੈਂਸਰ ਚੈੱਕਅਪ ਕੈਂਪ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਜੈਨਸਿਸ ਡੈਂਟਲ ਕਾਲਜ ਤੇ ਹਸਪਤਾਲ ਫਿਰੋਜ਼ਪੁਰ ਵੱਲੋਂ ਫੈਕਟਰੀ ਮਾਣਾ ਸਿੰਘ ਵਾਲਾ ਵਿਖੇ ਮੁਫ਼ਤ ਔਰਲ ਕੈਂਸਰ ਜਾਂਚ ਕੈਂਪ ਲਾਇਆ ਗਿਆ। ਇਸ ਕੈਂਪ ਦੌਰਾਨ ਮਾਹਰ ਡਾਕਟਰਾਂ ਨੇ ਕਰਮਚਾਰੀਆਂ ਤੇ ਸਥਾਨਕ ਲੋਕਾਂ ਦੇ ਦੰਦਾਂ ਅਤੇ ਮੂੰਹ ਦੀ ਜਾਂਚ ਕਰਕੇ ਉਨ੍ਹਾਂ ਨੂੰ ਔਰਲ ਕੈਂਸਰ ਦੇ ਸ਼ੁਰੂਆਤੀ ਲੱਛਣਾਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਡਾ. ਸੁਕਿਰਤ ਕੌਰ ਤੇ ਡਾ. ਦੀਪਕ ਨੇ ਦੱਸਿਆ ਕਿ ਤੰਬਾਕੂ, ਗੁਟਖਾ, ਬੀੜੀ, ਸਿਗਰਟ ਤੇ ਹੋਰ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਾਰਨ ਮੂੰਹ ਦੇ ਕੈਂਸਰ ਸਮੇਤ ਕਈ ਗੰਭੀਰ ਤੇ ਜਾਨਲੇਵਾ ਬਿਮਾਰੀਆਂ ਹੋ ਸਕਦੀਆਂ ਹਨ। ਉਨ੍ਹਾਂ ਲੋਕਾਂ ਨੂੰ ਤੰਬਾਕੂ ਉਤਪਾਦਾਂ ਤੋਂ ਦੂਰ ਰਹਿਣ ਤੇ ਸਮੇਂ-ਸਮੇਂ 'ਤੇ ਸਿਹਤ ਜਾਂਚ ਕਰਵਾਉਣ ਦੀ ਅਪੀਲ ਕੀਤੀ। ਡਾਕਟਰਾਂ ਨੇ ਕਿਹਾ ਕਿ ਜੇਕਰ ਔਰਲ ਕੈਂਸਰ ਦਾ ਸਮੇਂ ਸਿਰ ਪਤਾ ਲੱਗ ਜਾਵੇ ਤਾਂ ਇਸ ਦਾ ਪ੍ਰਭਾਵਸ਼ਾਲੀ ਇਲਾਜ ਸੰਭਵ ਹੈ। ਇਸ ਲਈ ਮੂੰਹ ਵਿੱਚ ਕਿਸੇ ਵੀ ਤਰ੍ਹਾਂ ਦੇ ਜ਼ਖ਼ਮ, ਚਿੱਟੇ ਜਾਂ ਲਾਲ ਧੱਬੇ ਜਾਂ ਹੋਰ ਅਸਧਾਰਨ ਲੱਛਣਾਂ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ। ਕੈਂਪ ਦੇ ਅੰਤ ਵਿੱਚ ਕਾਲਜ ਦੇ ਪੀ.ਆਰ.ਓ. ਰਨਜੀਤ ਸਿੰਘ ਤੇ ਮਨਜੀਤ ਸਿੰਘ ਵੱਲੋਂ ਸਾਰੇ ਮਰੀਜ਼ਾਂ ਨੂੰ ਟੂਥਪੇਸਟ ਤੇ ਟੂਥਬ੍ਰਸ਼ ਵੰਡੇ ਗਏ। ਹਾਜ਼ਰ ਲੋਕਾਂ ਨੇ ਇਸ ਲੋਕ ਭਲਾਈ ਵਾਲੀ ਪਹਿਲ ਦੀ ਸ਼ਲਾਘਾ ਕਰਦਿਆਂ ਕਾਲਜ ਪ੍ਰਬੰਧਨ ਦਾ ਧੰਨਵਾਦ ਕੀਤਾ।

## ਟਰੇਨ 'ਚ ਟਿਕਟ ਜਾਂਚ ਦੇ ਨਾਲ ਡਿਜੀਟਲ ਸੇਵਾਵਾਂ ਬਾਰੇ ਕੀਤਾ ਜਾਗਰੂਕ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਭਾਰਤੀ ਰੇਲਵੇ ਲਗਾਤਾਰ ਯਾਤਰੀਆਂ ਦੀ ਸਹੂਲਤ ਨੂੰ ਬਿਹਤਰ ਬਣਾਉਣ ਲਈ ਡਿਜੀਟਲ ਸੇਵਾਵਾਂ ਦਾ ਵਿਸਤਾਰ ਕਰ ਰਹੀ ਹੈ। ਇਸੇ ਦਿਸ਼ਾ ਵਿੱਚ ਵਿਕਸਤ 'ਰੇਲਵਨ' ਐਪ ਯਾਤਰੀਆਂ ਲਈ ਇਕ ਅਜਿਹਾ ਡਿਜੀਟਲ ਪਲੇਟਫਾਰਮ ਬਣ ਕੇ ਉੱਭਰਿਆ ਹੈ, ਜਿੱਥੇ ਰੇਲ ਯਾਤਰਾ ਨਾਲ ਜੁੜੀਆਂ ਅਨੇਕਾਂ ਸੇਵਾਵਾਂ ਇਕ ਹੀ ਸਥਾਨ 'ਤੇ ਉਪਲੱਬਧ ਹਨ। ਹੁਣ ਯਾਤਰੀ ਰੇਲਵਨ ਐਪ ਰਾਹੀਂ ਆਪਣੇ ਮੋਬਾਇਲ ਫੋਨ 'ਤੇ ਹੀ ਰਾਖਵੀਆਂ ਤੇ ਗੈਰ-ਰਾਖਵੀਆਂ ਦੋਵਾਂ ਤਰ੍ਹਾਂ ਦੀਆਂ ਟਿਕਟਾਂ ਆਸਾਨੀ ਨਾਲ ਬੁੱਕ ਕਰ ਸਕਦੇ ਹਨ। ਇਸ ਦੇ ਨਾਲ ਹੀ, ਇਹ ਐਪ ਟਰੇਨ ਪੁੱਛਗਿੱਛ, ਪੀ.ਐੱਨ.ਆਰ. ਸਟੇਟਸ, ਲਾਈਵ ਟਰੇਨ ਰਨਿੰਗ ਜਾਣਕਾਰੀ, ਪਲੇਟਫਾਰਮ ਸੂਚਨਾ ਤੇ ਰੇਲਮਦਦ ਸੇਵਾਵਾਂ ਨੂੰ ਵੀ ਇੱਕੀਕ੍ਰਿਤ ਰੂਪ ਵਿੱਚ ਉਪਲਬੱਧ ਕਰਾਉਂਦਾ ਹੈ। ਫਿਰੋਜ਼ਪੁਰ ਮੰਡਲ ਦੇ ਟਿਕਟ ਚੈਕਿੰਗ ਸਟਾਫ਼ ਨੇ ਵੱਖ-ਵੱਖ ਟਰੇਨਾਂ ਵਿਚ ਯਾਤਰੀਆਂ ਨੂੰ ਰੇਲਵਨ ਐਪ ਦੀ ਵਰਤੋਂ ਤੇ ਇਸ ਦੇ ਲਾਭਾਂ ਬਾਰੇ ਜਾਗਰੂਕ ਕੀਤਾ। ਟਿਕਟ ਜਾਂਚ ਦੌਰਾਨ ਯਾਤਰੀਆਂ ਨੂੰ ਐਪ ਡਾਊਨਲੋਡ ਕਰਨ, ਡਿਜੀਟਲ ਟਿਕਟਿੰਗ ਅਪਣਾਉਣ ਤੇ ਇਨ੍ਹਾਂ ਸੇਵਾਵਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਲਈ ਪ੍ਰੇਰਿਤ ਕੀਤਾ ਗਿਆ। ਸੀਨੀਅਰ ਮੰਡਲ ਵਣਜ ਪ੍ਰਬੰਧਕ ਬਸੰਤ ਕੁਮਾਰ ਨੇ ਦੱਸਿਆ ਕਿ 'ਰੇਲਵਨ' ਐਪ ਯਾਤਰੀਆਂ ਲਈ ਇਕ ਡਿਜੀਟਲ ਸਾਥੀ ਵਜੋਂ ਕੰਮ ਕਰ ਰਿਹਾ ਹੈ। ਇਸ ਰਾਹੀਂ ਯਾਤਰੀਆਂ ਨੂੰ ਟਿਕਟ ਕਾਊਂਟਰਾਂ 'ਤੇ ਲੰਬੀਆਂ ਕਤਾਰਾਂ ਤੋਂ ਰਾਹਤ ਮਿਲਦੀ ਹੈ, ਨਕਦੀ ਤੇ ਖੁੱਲ੍ਹੇ ਪੈਸਿਆਂ ਦੀ ਪ੍ਰੇਸ਼ਾਨੀ ਤੋਂ ਬਚਾਅ ਹੁੰਦਾ ਹੈ ਅਤੇ ਡਿਜੀਟਲ ਟਿਕਟਿੰਗ ਨੂੰ ਉਤਸ਼ਾਹ ਮਿਲਣ ਨਾਲ ਕਾਗਜ਼ ਦੀ ਖਪਤ ਘੱਟ ਹੋ ਕੇ ਵਾਤਾਵਰਣ ਸੁਰੱਖਿਆ ਵਿੱਚ ਵੀ ਯੋਗਦਾਨ ਮਿਲਦਾ ਹੈ।

## ਵਿਸ਼ਵ ਵਾਤਾਵਰਣ ਦਿਵਸ 'ਤੇ ਨੁੱਕੜ ਨਾਟਕ



**ਬਰੇਟਾ (ਰੀਤਵਾਲ)**-ਡੀ ਏ ਵੀ ਪਬਲਿਕ ਸਕੂਲ ਅਕਬਰਪੁਰ ਖੁਡਾਲ ਵੱਲੋਂ ਵਿਸ਼ਵ ਵਾਤਾਵਰਣ ਦਿਵਸ ਮੌਕੇ ਨੁੱਕੜ ਨਾਟਕ ਪੇਸ਼ ਕੀਤਾ ਗਿਆ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਮੈਡਮ ਸੁਖਪਾਲ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿਸ਼ਵ ਵਾਤਾਵਰਣ ਦਿਵਸ ਦੇ ਮੌਕੇ 'ਤੇ ਡੀ.ਏ.ਵੀ. ਪਬਲਿਕ ਸਕੂਲ ਅਕਬਰਪੁਰ ਖੁਡਾਲ ਦੇ ਵਿਦਿਆਰਥੀਆਂ ਵੱਲੋਂ ਪਿੰਡ ਦੇ ਪੰਚਾਇਤ ਘਰ ਵਿੱਚ ਇੱਕ ਪ੍ਰਭਾਵਸ਼ਾਲੀ ਨੁੱਕੜ ਨਾਟਕ ਪੇਸ਼ ਕੀਤਾ ਗਿਆ।ਇਸ ਪ੍ਰੋਗਰਾਮ ਵਿੱਚ ਪਿੰਡ ਦੀ ਪੰਚਾਇਤ, ਪਤਵੰਤੇ ਵਿਅਕਤੀਆਂ ਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀਆਂ ਨੇ ਸ਼ਮੂਲੀਅਤ ਕੀਤੀ।ਨੁੱਕੜ ਨਾਟਕ ਰਾਹੀਂ ਵਿਦਿਆਰਥੀਆਂ ਨੇ ਵਾਤਾਵਰਣ ਪ੍ਰਦੂਸ਼ਣ, ਪਲਾਸਟਿਕ ਦੀ ਵੱਧ ਰਹੀ ਵਰਤੋਂ, ਰੁੱਖਾਂ ਦੀ ਕਟਾਈ ਤੇ ਪਾਣੀ ਦੀ ਬਰਬਾਦੀ ਵਰਗੀਆਂ ਸਮੱਸਿਆਵਾਂ ਨੂੰ ਉਜਾਗਰ ਕੀਤਾ।ਇਸ ਦੇ ਨਾਲ ਹੀ ਲੋਕਾਂ ਨੂੰ ਵੱਧ ਤੋਂ ਵੱਧ ਰੁੱਖ ਲਗਾਉਣ, ਸਫ਼ਾਈ ਬਣਾਈ ਰੱਖਣ ਤੇ ਕੁਦਰਤੀ ਸਰੋਤਾਂ ਦੀ ਸੰਭਾਲ ਕਰਨ ਲਈ ਪ੍ਰੇਰਿਤ ਕੀਤਾ ਗਿਆ।ਪੰਚਾਇਤ ਤੇ ਪਿੰਡ ਦੇ ਲੋਕਾਂ ਨੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਤੇ ਵਾਤਾਵਰਣ ਦੀ ਸੁਰੱਖਿਆ ਲਈ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਿੱਤਾ।ਪਿੰਡ ਦੇ ਲੋਕਾਂ ਨੇ ਵੀ ਵਾਤਾਵਰਣ ਨੂੰ ਸਾਫ਼-ਸੁਥਰਾ ਤੇ ਹਰਿਆ-ਭਰਿਆ ਬਣਾਉਣ ਲਈ ਆਪਣਾ ਯੋਗਦਾਨ ਪਾਉਣ ਦਾ ਸੰਕਲਪ ਲਿਆ।

## ਨਸ਼ੀਲੀਆਂ ਗੋਲੀਆਂ ਸਮੇਤ ਤਿੰਨ ਕਾਬੂ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਪੰਜਾਬ ਪੁਲਸ ਵੱਲੋਂ ਨਸ਼ਾ ਤਸਕਰਾਂ ਤੇ ਸਮਾਜ ਵਿਰੋਧੀ ਅਨਸਰਾਂ ਖ਼ਿਲਾਫ਼ ਚਲਾਈ ਮੁਹਿੰਮ ਤਹਿਤ ਥਾਣਾ ਠੁੱਲੀਵਾਲ ਪੁਲਸ ਨੇ ਤਿੰਨ ਨੌਜਵਾਨਾਂ ਨੂੰ 60 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕੀਤਾ ਹੈ।ਇਸ ਮੌਕੇ ਥਾਣਾ ਠੁੱਲੀਵਾਲ ਦੇ ਮੁੱਖ ਅਫ਼ਸਰ ਗੁਰਪਾਲ ਸਿੰਘ ਨੇ ਦੱਸਿਆ ਕਿ ਨਸ਼ਾ ਤਸਕਰਾਂ ਖ਼ਿਲਾਫ਼ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ ਤਹਿਤ ਡੀ ਐੱਸ ਪੀ ਸਤਵਿੰਦਰ ਸਿੰਘ ਵਿਰਕ ਦੀ ਗਤੀਸ਼ੀਲ ਅਗਵਾਈ ਹੇਠ ਕਾਰਵਾਈ ਅਮਲ 'ਚ ਲਿਆਂਦੀ ਗਈ ਹੈ।ਉਨ੍ਹਾਂ ਦੱਸਿਆ ਕਿ ਥਾਣਾ ਠੁੱਲੀਵਾਲ ਦੇ ਏ ਐੱਸ ਆਈ ਜਸਵਿੰਦਰ ਸਿੰਘ ਸਮੇਤ ਪੁਲਸ ਪਾਰਟੀ ਪਿੰਡ ਕੁਰੜ ਤੋਂ ਮਿੱਠੇਵਾਲ ਨੂੰ ਜਾਂਦੇ ਕੱਚੇ ਰਸਤੇ 'ਤੇ ਸੂਏ ਦੇ ਪੁਲ ਨੇੜੇ ਗਸ਼ਤ ਕਰ ਰਹੀ ਸੀ।ਇਸ ਦੌਰਾਨ ਪੁਲਸ ਨੇ ਸ਼ੱਕ ਦੇ ਆਧਾਰ 'ਤੇ ਤਿੰਨ ਨੌਜਵਾਨਾਂ ਦੀ ਤਲਾਸ਼ੀ ਲੈਣ 'ਤੇ ਉਨ੍ਹਾਂ ਦੇ ਕਬਜ਼ੇ 'ਚੋਂ 60 ਨਸ਼ੀਲੀਆਂ ਖੁੱਲ੍ਹੀਆਂ ਗੋਲੀਆਂ ਬਰਾਮਦ ਹੋਈਆਂ।ਨੌਜਵਾਨਾਂ ਦੀ ਪਹਿਚਾਣ ਹਰਸ਼ਰਨ ਸਿੰਘ ਵਾਸੀ ਕੁਰੜ, ਜਗਜੀਤ ਸਿੰਘ ਜੱਗੀ ਤੇ ਸੁਖਚੈਨ ਸਿੰਘ ਚੈਨਾ ਵਾਸੀ ਭਦੌੜ ਵਜੋਂ ਹੋਈ ਹੈ। ਠੁੱਲੀਵਾਲ ਪੁਲਸ ਨੇ ਤੁਰੰਤ ਕਾਰਵਾਈ ਕਰਦਿਆਂ ਤਿੰਨਾਂ ਖ਼ਿਲਾਫ਼ ਥਾਣਾ ਠੁੱਲੀਵਾਲ ਵਿਖੇ ਕੇਸ ਦਰਜ ਕੀਤਾ ਹੈ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

ਨਵਾਂ ਜ਼ਮਾਨਾ
ਸ਼ਨੀਵਾਰ, 6 ਜੂਨ 2026

# ਅਰਥਚਾਰਾ ਨਾਜ਼ੁਕ ਸਥਿਤੀ 'ਚ

ਲੋਕਾਂ, ਅਦਾਰਿਆਂ ਤੇ ਇੱਥੋਂ ਤੱਕ ਕਿ ਸਰਕਾਰਾਂ ਨੂੰ ਮਾਲੀ ਸਲਾਹ ਦੇਣ ਵਾਲੀ ਦੁਨੀਆ ਦੀ ਮਸ਼ਹੂਰ ਸੰਸਥਾ ਮੌਰਗਨ ਸਟੈਨਲੀ ਨੇ 2013 'ਚ ਭਾਰਤ ਨੂੰ ਬ੍ਰਾਜ਼ੀਲ, ਇੰਡੋਨੇਸ਼ੀਆ, ਦੱਖਣੀ ਅਫਰੀਕਾ ਤੇ ਤੁਰਕੀ ਦੇ ਨਾਲ 'ਫ੍ਰੇਜਾਈਲ ਫਾਈਵ' ਯਾਨੀ 'ਕਮਜ਼ੋਰ ਪੰਜ' ਦੇਸ਼ਾਂ ਵਿੱਚ ਗਿਣਾਇਆ ਸੀ। ਇਹ ਉਹ ਸਮਾਂ ਸੀ, ਜਦੋਂ ਅਮਰੀਕਾ ਦੀ ਕੇਂਦਰੀ ਬੈਂਕ ਫੈਡਰਲ ਰਿਜ਼ਰਵ ਦੀ ਨੀਤੀ ਕਾਰਨ ਭਾਰਤੀ ਰੁਪਏ ਵਿੱਚ ਭਾਰੀ ਗਿਰਾਵਟ ਆਈ ਸੀ। ਹੁਣ ਰੁਪਈਆ 97 ਰੁਪਏ ਪ੍ਰਤੀ ਡਾਲਰ ਤੱਕ ਪੁੱਜ ਗਿਆ ਹੈ। ਅਰਥਚਾਰੇ ਦੀ ਹਾਲਤ ਇਹ ਹੋ ਗਈ ਹੈ ਕਿ ਸਾਬਕਾ ਕੇਂਦਰੀ ਵਿੱਤ ਸਕੱਤਰ ਸੁਭਾਸ਼ ਗਰਗ ਦਾ ਕਹਿਣਾ ਹੈ ਕਿ ਭਾਰਤ ਕਮਜ਼ੋਰ ਤੋਂ ਅੱਗੇ ਵਧ ਕੇ ਨਾਜ਼ੁਕ ਹਾਲਤ ਵਿੱਚ ਪਹੁੰਚ ਗਿਆ ਹੈ। 13 ਸਾਲ ਤੋਂ ਯੂ ਪੀ ਏ ਸਰਕਾਰ ਨੂੰ ਭੰਡਣ ਵਾਲੇ ਮੋਦੀ ਤੇ ਉਨ੍ਹਾ ਦੇ ਮੰਤਰੀਆਂ ਹੇਠ ਇੱਕ ਵੀ ਆਰਥਿਕ ਬੁਨਿਆਦੀ ਸੰਕੇਤਕ ਯਾਨੀ ਮੈਕਰੋ ਇਕਨਾਮਿਕ ਇੰਡੀਕੇਟਰ ਸਿਹਤਮੰਦ ਨਹੀਂ ਦਿਸ ਰਿਹਾ। ਜੀ ਡੀ ਪੀ (ਕੁੱਲ ਘਰੇਲੂ ਪੈਦਾਵਾਰ) ਸਰਕਾਰੀ ਅੰਕੜਿਆਂ ਵਿੱਚ 7.6 ਫੀਸਦੀ ਦਿਖਾਈ ਜਾ ਰਹੀ ਹੈ, ਪਰ ਇਹ ਗੁੰਮਰਾਹਕੁੰਨ ਹੈ। ਵਧਦੀ ਮਹਿੰਗਾਈ ਅਤੇ ਰੁਪਏ ਦੀ ਘਟਦੀ ਕਦਰ ਕਾਰਨ 2026-27 ਵਿੱਚ ਵਿਕਾਸ ਦਰ 5-5.5 ਫੀਸਦੀ ਰਹਿਣ ਦਾ ਅਨੁਮਾਨ ਹੈ। ਕੌਮਾਂਤਰੀ ਮਾਲੀ ਫੰਡ (ਆਈ ਐੱਮ ਐੱਫ) ਦੇ ਵਿਸ਼ਵ ਆਰਥਿਕ ਦ੍ਰਿਸ਼ਟੀਕੋਣ ਮੁਤਾਬਕ ਡਾਲਰ ਦੇ ਸੰਦਰਭ ਵਿੱਚ ਅਸਲ ਵਿਕਾਸ ਸਿਰਫ 4.2 ਫੀਸਦੀ ਹੈ ਅਤੇ ਅਗਲੇ ਸਾਲ ਇਹ ਹੋਰ ਘਟ ਕੇ 2 ਤੋਂ 4 ਫੀਸਦੀ ਤੱਕ ਰਹਿ ਸਕਦਾ ਹੈ। ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਪਹਿਲਾਂ ਹੀ 7.5 ਰੁਪਏ ਪ੍ਰਤੀ ਲੀਟਰ ਵਧ ਚੁੱਕੀਆਂ ਹਨ। ਥੋਕ ਮਹਿੰਗਾਈ 8 ਫੀਸਦੀ ਤੋਂ ਉੱਪਰ ਪਹੁੰਚ ਗਈ ਹੈ। ਹੋਰ ਵਧਣ ਦਾ ਤੌਖਲਾ ਹੈ। ਰੁਪਈਆ ਏਸ਼ੀਆ ਦੀ ਸਭ ਤੋਂ ਮਾੜੀ ਕਾਰਗੁਜ਼ਾਰੀ ਵਾਲੀ ਮੁਦਰਾ ਬਣ ਗਿਆ ਹੈ। ਛੇਤੀ ਹੀ ਡਾਲਰ 100 ਰੁਪਏ ਦਾ ਹੋ ਸਕਦਾ ਹੈ। ਵਿਦੇਸ਼ੀ ਸਿੱਧਾ ਨਿਵੇਸ਼ (ਐੱਫ ਡੀ ਆਈ) ਲੱਗਭੱਗ ਜ਼ੀਰੋ ਜਾਂ ਨਕਾਰਾਤਮਕ ਪੱਧਰ 'ਤੇ ਡਿਗ ਗਿਆ ਹੈ। ਭਾਰਤੀ ਉਦਯੋਗਪਤੀ ਹੁਣ ਵਿਦੇਸ਼ਾਂ ਵਿੱਚ ਨਿਵੇਸ਼ ਕਰ ਰਹੇ ਹਨ। ਭਾਰਤ ਸੂਰਜੀ, ਇਲੈਕਟ੍ਰਿਕ ਵਾਹਨ, ਸੈਮੀਕੰਡਕਟਰ ਅਤੇ ਏ ਆਈ ਵਰਗੀਆਂ ਉੱਭਰਦੀਆਂ ਤਕਨਾਲੋਜੀਆਂ ਵਿੱਚ ਪੱਛੜ ਰਿਹਾ ਹੈ।

ਜੀ ਐੱਸ ਟੀ ਵਾਧਾ ਬਹੁਤ ਘੱਟ ਹੈ। ਰੈਵੇਨਿਊ ਘਾਟਾ 3 ਲੱਖ ਕਰੋੜ ਤੋਂ ਵੱਧ ਹੋ ਸਕਦਾ ਹੈ। ਭਾਰਤ 2024 ਵਿੱਚ ਵਿਸ਼ਵ ਐੱਫ ਡੀ ਆਈ ਰੈਂਕਿੰਗ ਵਿੱਚ 15ਵੇਂ ਸਥਾਨ 'ਤੇ ਡਿਗ ਪਿਆ ਸੀ। ਵਿਦੇਸ਼ੀ ਪੋਰਟਫੋਲੀਓ ਨਿਵੇਸ਼ਕ (ਐੱਫ ਪੀ ਆਈ) ਭਾਰਤ ਤੋਂ ਬਾਹਰ ਨਿਕਲ ਰਹੇ ਹਨ। ਗਲੋਬਲ ਐੱਫ ਡੀ ਆਈ ਰੈਂਕਿੰਗ ਹੋਰ ਡਿਗਣ ਦੀ ਸੰਭਾਵਨਾ ਹੈ। ਹਾਲਾਂਕਿ ਦੁਨੀਆ-ਭਰ ਵਿੱਚ ਵਿਦੇਸ਼ੀ ਨਿਵੇਸ਼ ਘਟ ਰਿਹਾ ਹੈ, ਪਰ ਭਾਰਤ ਦਾ ਪ੍ਰਦਰਸ਼ਨ ਖਾਸ ਤੌਰ 'ਤੇ ਬਹੁਤ ਕਮਜ਼ੋਰ ਹੈ। ਦੇਸ਼ ਦੇ ਅੰਦਰ ਨਿੱਜੀ ਕੰਪਨੀਆਂ ਦਾ ਨਿਵੇਸ਼ ਲਗਾਤਾਰ ਘਟ ਰਿਹਾ ਹੈ। ਸਰਕਾਰ ਦਾ ਪੂੰਜੀਗਤ ਖਰਚ 2024 ਤੱਕ ਵਧ ਰਿਹਾ ਸੀ, ਪਰ ਹੁਣ ਰੁਕ ਗਿਆ ਹੈ। ਉਤਪਾਦਕਤਾ ਵਧਾਉਣ ਵਾਲਾ ਨਿਵੇਸ਼ ਲੱਗਭੱਗ ਨਾ-ਮਾਤਰ ਹੈ। ਭਾਰਤ ਦਾ ਨਿਵੇਸ਼ ਇੰਜਣ ਹੌਲੀ ਹੋ ਗਿਆ ਹੈ। 2013-14 ਤੋਂ ਭਾਰਤ ਦਾ ਮਾਲ ਨਿਰਯਾਤ ਲੱਗਭੱਗ ਰੁਕਿਆ ਹੋਇਆ ਹੈ, ਜਦੋਂ ਕਿ ਆਯਾਤ ਬਹੁਤ ਵਧ ਗਿਆ ਹੈ। ਚੀਨ ਨਾਲ ਵਪਾਰ ਘਾਟਾ ਸਾਲਾਨਾ 100 ਅਰਬ ਡਾਲਰ ਤੋਂ ਵਧ ਗਿਆ ਹੈ। ਅਮਰੀਕਾ ਨਾਲ ਵਧਦੇ ਵਿਵਾਦ ਭਾਰਤ ਦੇ ਸਰਪਲੱਸ ਨਿਰਯਾਤ ਨੂੰ ਘਟਾ ਸਕਦੇ ਹਨ। ਈਰਾਨ 'ਤੇ ਅਮਰੀਕਾ-ਇਜ਼ਰਾਈਲ ਦੇ ਹਮਲੇ ਕਾਰਨ ਪੱਛਮੀ ਏਸ਼ੀਆ 'ਚ ਨਿਰਯਾਤ ਵੀ ਜੋਖਮ ਵਿੱਚ ਹੈ। ਸਰਕਾਰ ਅਤੇ ਰਿਜ਼ਰਵ ਬੈਂਕ ਕੋਲ 700 ਅਰਬ ਡਾਲਰ ਦੇ ਵਿਦੇਸ਼ੀ ਮੁਦਰਾ ਭੰਡਾਰ ਹੋਣ ਦੇ ਬਾਵਜੂਦ ਇਹ ਰੁਪਈਏ ਨੂੰ ਬਚਾਉਣ ਲਈ ਕਾਫੀ ਨਹੀਂ ਮੰਨਿਆ ਜਾ ਰਿਹਾ। ਭਾਰਤ ਦੀਆਂ ਬਾਹਰੀ ਕਮਜ਼ੋਰੀਆਂ ਹੁਣ ਸਪੱਸ਼ਟ ਤੌਰ 'ਤੇ ਦਿਖਾਈ ਦੇ ਰਹੀਆਂ ਹਨ। ਤੁਰਕੀ ਵਿੱਚ ਵਿਗੜਦੀ ਸਥਿਤੀ ਰਾਸ਼ਟਰਪਤੀ ਏਰਦੋਗਨ ਦੀਆਂ ਗਲਤ ਨੀਤੀਆਂ ਕਾਰਨ ਹੈ। ਭਾਰਤ ਦੀ ਤੁਲਨਾ ਤੁਰਕੀ ਨਾਲ ਕਰਨਾ ਗਲਤ ਹੈ। ਇਸ ਦੌਰਾਨ, ਜ਼ਿਆਦਾਤਰ ਪੂਰਬੀ ਏਸ਼ਿਆਈ ਦੇਸ਼, ਜਿਵੇਂ ਕਿ ਵੀਅਤਨਾਮ ਤੇਜ਼ੀ ਨਾਲ ਤਰੱਕੀ ਕਰ ਰਹੇ ਹਨ। ਜੇ ਕੋਈ ਸੰਸਥਾ ਅੱਜ ਸਭ ਤੋਂ ਕਮਜ਼ੋਰ ਅਰਥਵਿਵਸਥਾ ਦੀ ਚੋਣ ਕਰਦੀ ਹੈ ਤਾਂ ਉਹ ਭਾਰਤ ਦੀ ਅਰਥਵਿਵਸਥਾ ਹੋਵੇਗੀ। ਗਰਗ ਨੇ ਇਹ ਜਾਇਜ਼ਾ ਉਦੋਂ ਪੇਸ਼ ਕੀਤਾ ਹੈ, ਜਦੋਂ ਸਰਕਾਰ ਅਰਥਵਿਵਸਥਾ ਨੂੰ ਮਜ਼ਬੂਤ ਦੱਸ ਰਹੀ ਹੈ। ਗਰਗ ਦੀ ਚੇਤਾਵਨੀ ਮੋਦੀ ਸਰਕਾਰ ਦੀਆਂ ਆਰਥਿਕ ਨੀਤੀਆਂ 'ਤੇ ਸਵਾਲ ਖੜ੍ਹੇ ਕਰਦੀ ਹੈ।

## ਥਾਲੀ ਦੇ ਬੈਂਗਣ !

ਕਾਲੀ ਘਟਾ ਨੂੰ ਦੇਖ ਕੇ 'ਮੋਰ ਬਗਲੇ',
ਖੁਸ਼ੀਆਂ ਨਾਲ ਉਡਾਰੀਆਂ ਮਾਰਦੇ ਨੇ।
ਲੀਡਰ ਲੋਕ ਇਉਂ ਚੋਣਾਂ ਨੂੰ ਦੇਖ ਕੇ ਜੀ,
ਫਾਇਦਾ ਕਿੱਧਰੋਂ ਹੋਊ ਇਹ ਤਾੜਦੇ ਨੇ।
ਪਹਿਲਾਂ ਕੋਸਦੇ ਭੰਡਦੇ ਰਹਿਣ ਜਿਸ ਨੂੰ,
ਸੋਭਾ ਕਰਦਿਆਂ ਫੇਰ ਸੰਘ ਪਾੜਦੇ ਨੇ।
ਆਗੂ ਏਦਾਂ ਦੇ ਹੋਣ ਜਿਸ ਦੇਸ ਅੰਦਰ,
ਅਕਸਰ ਜਿੱਤੇ ਲੋਕ ਪਰ 'ਹਾਰਦੇ' ਨੇ।
'ਘਰ ਵਾਪਸੀ' ਲਿਖਣ ਅਖ਼ਬਾਰ ਵਾਲੇ,
ਪੱਤਰਕਾਰਾਂ ਨੇ ਸ਼ਬਦ ਇਹ ਰੱਟਿਆ ਏ।
ਪਾ ਕੇ ਲਾਹਣਤਾਂ 'ਥਾਲੀ ਦੇ ਬੈਂਗਣਾਂ' ਨੂੰ,
ਕਹਿਣਾ ਚਾਹੀਦਾ 'ਥੁੱਕਿਆ ਚੱਟਿਆ' ਏ!

-ਤਰਲੋਚਨ ਸਿੰਘ ਦੁਪਾਲਪੁਰ, 001-408-905-5517

# ਕੀ ਧਰਤੀ ਉੱਤੇ ਜੀਵਨ ਹਮੇਸ਼ਾ ਸੁਰੱਖਿਅਤ ਰਹੇਗਾ



ਵਿਜੈ ਬੰਬੇਲੀ

ਕੀ ਧਰਤੀ ਉੱਤੇ ਜੀਵਨ ਹਮੇਸ਼ਾ ਸੁਰੱਖਿਅਤ ਰਹੇਗਾ ? ਇਹ ਹੈ ਉਹ ਸਵਾਲ, ਜਿਹੜਾ ਇਸ ਵਕਤ ਫਿਜ਼ਾ ਵਿੱਚ ਹੈ। ਇਹ ਸਵਾਲ ਇਸ ਕਰਕੇ ਉੱਠਿਆ ਕਿ ਹਰ ਵਰ੍ਹੇ ਵਧਦੀ ਆਲਮੀ ਤਪਸ਼ ਜਿਹੜੀ ਸਾਵੇਂ ਮੌਸਮਾਂ ਅਤੇ ਪਾਣੀ ਦੀ ਧੜਵੈਲ ਦੁਸ਼ਮਣ ਹੈ ਬੀਤੇ ਵਰ੍ਹਿਆਂ ਤੋਂ ਉੱਗਰ ਰੂਪ ਧਾਰ ਰਹੀ ਹੈ। ਖੈਰ, ਅੱਗੇ ਵੀ, ਨਹੀਂ ਦਿੱਸਦੀ। 'ਸੰਸਾਰ ਮੌਸਮ ਜਥੇਬੰਦੀ' ਵੱਲੋਂ ਬੀਤੀਆਂ ਦਸ ਸਦੀਆਂ ਦੇ ਤੁਲਨਾਤਮਿਕ ਅਧਿਐਨ ਉਪਰੰਤ ਚੇਤਾਵਨੀ ਦਿੱਤੀ ਗਈ ਸੀ, "ਗਰਮ ਹੋ ਰਹੀ ਧਰਤੀ ਖ਼ਤਰਨਾਕ ਨਤੀਜੇ ਵੱਲ ਵਧ ਰਹੀ ਹੈ। ਤਾਪਮਾਨ ਵਿੱਚ ਵਾਧੇ ਦੇ ਇਸ ਸਿਲਸਿਲੇ ਨੇ ਬੀਤੇ ਤਿੰਨ-ਚਾਰ ਦਹਾਕਿਆਂ ਤੋਂ ਜ਼ਿਆਦਾ ਜ਼ੋਰ ਫੜਿਆ ਹੈ। ਉਦੋਂ ਤੋਂ ਜਦੋਂ ਤੋਂ ਕੁਦਰਤ ਨੂੰ ਮਿੱਧ ਕੇ ਬੇ-ਲਗਾਮ ਉਦਯੋਗਿਕ ਗਤੀਵਿਧੀਆਂ ਅਤੇ ਅਖੌਤੀ ਵਿਕਾਸ ਦਾ ਦੌਰ ਸ਼ੁਰੂ ਹੋਇਆ।" ਦਰ-ਹਕੀਕਤ, ਦੁਨੀਆ ਨੂੰ ਦਰਪੇਸ਼ ਵੱਡੇ ਖ਼ਤਰਿਆਂ 'ਚੋਂ ਇੱਕ ਵੱਡਾ ਖ਼ਤਰਾ ਹੈ, ਆਲਮੀ-ਤਪਸ਼ ਅਰਥਾਤ ਗਲੋਬਲ-ਵਾਰਮਿੰਗ। ਜਿਸ 'ਬਦੌਲਤ' ਦੁਨੀਆ ਹੜ੍ਹ, ਸੋਕਾ, ਸਮੁੰਦਰੀ ਤੂਫਾਨ, ਭੁੱਖਮਰੀ ਅਤੇ ਨਵੀਆਂ-ਨਿਵੇਕਲੀਆਂ ਬਿਮਾਰੀਆਂ ਤੋਂ ਮੁਕਤੀ ਪਾਉਣ ਵਿੱਚ ਅਮੋੜ-ਸੰਕਟ 'ਚ ਹੈ। ਇਸ ਨਾਲ ਜੁੜੀਆਂ ਅਲਾਮਤਾਂ ਵਿੱਚ ਹੋਰ ਵਾਧਾ ਹੋ ਰਿਹਾ ਹੈ। ਹੋਰ ਅਲਾਮਤਾਂ ਵਿੱਚੋਂ: ਜਲ-ਸੋਮਿਆਂ, ਜਿਹੜੇ ਮੁੱਕਦੇ-ਸੁੱਕਦੇ ਜਾ ਰਹੇ ਹਨ ਅਤੇ ਰੁੱਤ ਬਦਲਾਅ ਜਿਸ ਸਥਾਪਤ ਤਾਣਾ-ਬਾਣਾ ਉਲਝਾ ਦੇਣਾ ਹੈ, ਪ੍ਰਮੁੱਖ ਫਿਕਰਮੰਦੀ ਹਨ।

ਸਾਡੇ ਗ੍ਰਹਿ ਤੋਂ ਬਿਨਾਂ ਸੋਰ-ਮੰਡਲ ਦੇ ਜ਼ਿਆਦਾਤਰ ਗ੍ਰਹਿ ਜਾਂ ਤਾਂ ਯਖ ਠੰਢੇ ਹਨ ਜਾਂ ਬਹੁਤ ਜ਼ਿਆਦਾ ਤੱਤੇ। ਸਿੱਟੇ ਵਜੋਂ, ਧਰਤੀ ਤੋਂ ਇਲਾਵਾ ਹੋਰ ਕਿਸੇ ਗ੍ਰਹਿ 'ਤੇ ਜ਼ਿੰਦਗੀ ਨਹੀਂ ਵਿਗਸਦੀ-ਧੜਕਦੀ। ਬ੍ਰਿਛ ਨਹੀਂ ਮੌਲਦੇ। ਜ਼ਿੰਦਗੀ ਵਿਗਸਣ, ਧੜਕਣ ਅਤੇ ਮੌਲਣ ਦੀ ਅਸਲ ਵਜਾਹ ਹੈ ਸਵੱਲੀ ਕੁਦਰਤ, ਜਲ-ਸੋਮੇ ਅਤੇ ਸਾਵਾਂ ਤਾਪਮਾਨ। ਜਿਹੜੇ, ਆਪ ਸਹੇੜੀ ਆਲਮੀ-ਤਪਸ਼ ਨਾਲ ਗੜਬੜਾ ਰਹੇ ਹਨ। ਵਿਗਿਆਨੀਆਂ ਜੋ ਕਾਰਨ ਲੱਭੇ, ਉਨ੍ਹਾਂ ਵਿੱਚ ਸਭ ਤੋਂ ਵੱਡਾ ਕਾਰਨ ਵਾਤਾਵਰਣ ਵਿੱਚ ਕਾਰਬਨ ਡਾਇਆਕਸਾਈਡ ਅਤੇ ਦੂਸਰੀਆਂ ਗ੍ਰੀਨ ਹਾਊਸ ਗੈਸਾਂ ਦੀ ਦਿਨੋ-ਦਿਨ ਵਧਦੀ ਮਾਤਰਾ ਦਾ ਹੈ। ਉਦਯੋਗਿਕ ਕ੍ਰਾਂਤੀ ਤੋਂ ਬਾਅਦ ਜ਼ਹਿਰੀਲੀਆਂ ਗੈਸਾਂ ਦਾ ਰਿਸਾਵ ਵਧਿਆ ਹੈ। ਗੈਰ-ਰਵਾਇਤੀ ਘਣੀ ਖੇਤੀ ਨੇ ਵੀ ਇਸ ਵਿੱਚ ਤਿੱਖਾ ਵਾਧਾ ਕੀਤਾ ਹੈ। ਗੈਰ-ਜ਼ਰੂਰੀ ਪਟਰੋਲਿੰਗ ਹੋ ਰਹੀ ਹੈ, ਜਿਹੜੀ ਘਾਤਕ ਮਿਥੇਨ ਗੈਸ ਦੀ ਮੁੱਖ ਸਿਰਜਕ ਹੈ। ਉਦਯੋਗ ਕੋਲਾ, ਪੈਟਰੋ ਕੈਮੀਕਲ ਅਤੇ ਕੁਦਰਤੀ ਗੈਸਾਂ ਜਿਹੇ ਹਾਈਡਰੋ ਕਾਰਬਨ ਬਾਲਣ 'ਤੇ ਨਿਰਭਰ ਹੋ ਕੇ ਰਹਿ ਗਏ ਹਨ। ਰਾਕਟਾਂ ਅਤੇ ਆਤਿਸ਼ੀ-ਹਥਿਆਰਾਂ ਨੇ ਖਲਾਅ-ਗੰਧਲਾ ਨੂੰ ਜ਼ਰਬਾਂ ਦੇ ਦਿੱਤੀਆਂ ਹਨ। ਪਿਛਲੀ ਡੇਢ ਸਦੀ ਵਿੱਚ ਤਾਪਮਾਨ 'ਚ 1.08 ਤੋਂ 1.76 ਡਿਗਰੀ ਫਾਰਨਹੀਟ ਦਾ ਵਾਧਾ ਹੋ ਗਿਆ ਹੈ।

ਗੱਲ ਕੀ ਧਰਤੀ ਦੇ ਹਰੇ-ਭਰੇ ਪਿੰਡੇ ਨੂੰ ਜ਼ਹਿਰੀਲੇ ਧੂੰਏਂ ਵਿੱਚ ਲਿਪਟੇ ਗਰਮ ਗ੍ਰਹਿ ਵਿੱਚ ਤਬਦੀਲ ਕੀਤਾ ਜਾ ਰਿਹਾ ਹੈ, ਜਿਹੜਾ ਅਣਮਿਣਵੇਂ ਜਲ ਸੰਕਟ, ਅੰਨ ਸੰਕਟ, ਨਵੇਂ-ਨਵੇਕਲੇ ਰੋਗਾਂ ਸਮੇਤ ਅਣਕਿਆਸੀਆਂ ਸਮਾਜਿਕ ਤੇ ਰਾਜਨੀਤਕ ਉੱਥਲ-ਪੁਥਲਾਂ ਦਾ ਵੀ ਕਾਰਨ ਬਣੇਗਾ। ਇਸ ਬੇ-ਲਗਾਮ ਤੱਤੇ ਦਾ ਕਾਰਨ, ਕੋਈ ਇੱਕ-ਅੱਧ ਵਜਾਹ ਨਹੀਂ ਹੈ। ਏਅਰ ਕੰਡੀਸ਼ਨਰਾਂ, ਰੈਫਜੀਰੇਟਰਾਂ, ਫੋਮ ਅਤੇ ਹਾਰ-ਸ਼ਿੰਗਾਰ ਉਦਯੋਗਾਂ ਤੋਂ ਨਿਕਲਣ ਵਾਲੀਆਂ ਮਾਰੂ ਗੈਸਾਂ, ਸਿਰ ਮੜ੍ਹ ਦਿੱਤੀ ਗਈ ਰਸਾਇਣਕ ਖੇਤੀ, ਵਾਹਨਾਂ ਦਾ ਧੂੰਆਂ, ਰਹਿੰਦ-ਖੂੰਹਦ ਤੇ ਜੰਗਲਾਂ ਨੂੰ ਅੱਗ, ਸ਼ੋਰ-ਪ੍ਰਦੂਸ਼ਨ, ਬੇ-ਪ੍ਰਵਾਹ ਉਦਯੋਗਿਕ ਤੇ ਰਸਾਇਣਕ ਗਤੀਵਿਧੀਆਂ, ਪ੍ਰਮਾਣੂ ਤੇ ਪੁਲਾੜ ਖੋਜਾ, ਪੈਟਰੋ-ਕੈਮੀਕਲਜ਼ ਦੀ ਅੰਧਾਧੁੰਦ ਵਰਤੋਂ ਅਤੇ ਮਾਰੂ ਹਥਿਆਰਾਂ ਦਾ ਚਲਨ ਆਦਿ ਇਸ ਦਾ ਸਿਰਜਕ ਹਨ।

ਜਲਵਾਯੂ ਦੇ ਬਦਲਦੇ ਮਿਜ਼ਾਜ 'ਤੇ ਕੀਤੇ ਗਏ ਇੱਕ ਅਧਿਐਨ ਮੁਤਾਬਿਕ, ਵਾਤਾਵਰਣ ਤਬਦੀਲੀ ਨਾਲ ਮੁਲਕਾਂ ਦੀ ਸੁਰੱਖਿਆਂ ਲਈ ਵੀ ਗੰਭੀਰ ਖ਼ਤਰੇ ਖੜ੍ਹੇ ਹੋ ਜਾਣਗੇ, ਕਿਉਂਕਿ ਸਮੁੰਦਰ ਤੱਲ ਤੇ ਫੈਲਾਅ ਵਿੱਚ ਵਾਧੇ ਤੇ ਗਲੇਸ਼ੀਅਰਾਂ ਦੇ ਪਿਘਲਣ ਨਾਲ ਜਲ-ਵਹਿਣਾਂ ਅਤੇ ਵਿਸ਼ਵੀ-ਹੱਦਬੰਦੀ 'ਚ ਬਦਲਾਅ ਦੀ ਸੰਭਾਵਨਾ ਪੈਦਾ ਹੋ ਰਹੀ ਹੈ। ਆਲਮੀ-ਤਪਸ਼ ਦੀ ਦਰ ਇਹੋ ਰਹੀ ਤਦ ਇਸ ਸਦੀ ਦੇ ਅੰਤ ਤੋਂ ਵੀ ਕਿਤੇ ਪਹਿਲਾਂ ਹੀ ਵਿਸ਼ਵ ਤਾਪਮਾਨ ਵਿੱਚ 4 ਤੋਂ 6 ਡਿਗਰੀ ਦਾ ਵਾਧਾ ਹੋ ਜਾਵੇਗਾ। ਜਿਹੜਾ ਕਿ ਪਹਿਲਾਂ ਹੀ ਜਲ ਅਤੇ ਅੰਨ ਸੰਕਟ ਸਮੇਤ ਸ਼ੁੱਧ ਹਵਾ ਅਤੇ ਜੰਗਲਾਂ ਦਾ ਖੋਅ ਬਣ ਰਿਹਾ ਹੈ। ਇਹੀ ਨਹੀਂ ਧਰਤੀ ਦੀ ਹਰੀ ਪੱਟੀ ਸਮੇਤ ਗਰਮੀ ਸੋਖਣ ਵਾਲੇ ਬਰਫੀਲੇ ਖੰਡ ਘਟਦੇ ਜਾ ਰਹੇ ਹਨ। ਰੁੱਤ ਬਦਲਾਅ ਸਮੇਤ ਹਿਮ-ਖੰਡਾਂ ਨੇ, ਤੀਬਰ, ਸਿਫਤੀ ਤਬਦੀਲੀ ਦੀ ਰਾਹ ਫੜ ਲਈ ਹੈ।

ਬੀਤੇ ਸਾਲੀਂ ਐਂਟਾਰਟਿਕਾ ਵਿੱਚ ਵਰਗ-ਮੀਲਾਂ ਦਾ ਬਰਫੀਲਾ ਟਾਪੂ ਦੇਖਦੇ-ਦੇਖਦੇ ਟੁੱਟ-ਪੰਘਰ ਗਿਆ ਸੀ। ਕਾਰਨ ਅੰਟਾਰਟਿਕਾ ਦੇ ਜਿਸ ਖਿੱਤੇ ਦਾ ਇਹ ਵਿਸ਼ਾਲ ਬਰਫ ਖੰਡ ਗਾਇਬ ਹੋਇਆ ਉੱਥੇ ਤਾਪਮਾਨ ਵਿੱਚ ਅਣਸਾਵਾਂ ਵਾਧਾ ਨੋਟ ਕੀਤਾ ਗਿਆ ਸੀ। ਨਾ ਸੰਭਲੇ ਤਦ, ਕੁਝ ਦਹਾਕਿਆਂ ਤਾਈਂ, ਐਟਾਰਟਿਕਾ ਤੋਂ ਇਲਾਵਾ ਬਰਫੀਲੀਆਂ ਪਰਬਤੀ ਸਿਖਰਾਂ ਨੂੰ ਇਹ ਤਪਸ਼ ਮੁਕੰਮਲ, ਜਿਹੜੇ ਪਹਿਲਾਂ ਹੀ ਖੁਰ-ਪਿਘਲ ਰਹੇ ਹਨ, ਪੰਘਰਾ ਦੇਵੇਗੀ। ਸਾਡੇ ਗੰਗੋਤਰੀ ਗਲੇਸ਼ੀਅਰ ਨੂੰ ਮੀਲਾਂ ਭਰ ਪਿੱਛੇ ਖਿਸਕਾ ਦੇਣ ਪਿੱਛੇ ਵੀ ਆਲਮੀ-ਤਪਸ਼ ਦਾ ਹੀ ਹੱਥ ਹੈ। ਕੀ ਹੋਵੇਗਾ ਫਿਰ ? ਮਹਿਜ ਦੋ ਕੁ ਡਿਗਰੀ ਦਾ ਵਾਧਾ ਵੀ, ਇੱਕ ਡਿਗਰੀ ਦਾ ਵਾਧਾ ਤਾਂ ਨੋਟ ਹੋ ਹੀ ਚੁੱਕਾ ਹੈ, ਤਿੱਖੇ ਅਤੇ ਅਣਕਿਆਸੇ ਜਲਵਾਯੂ ਬਦਲਾਅ ਦਾ ਕਾਰਨ ਬਣੇਗਾ ਜਿਹੜਾ ਪਹਿਲਾਂ ਭਾਰੀ ਹੜ੍ਹ, ਸੋਕਾ ਅਤੇ ਸਮੁੰਦਰੀ ਹਲਚਲਾਂ ਉਪਰੰਤ ਕਈ ਤਟਵਰਤੀ ਸਥਾਨਾਂ ਅਤੇ ਨੀਵੇਂ ਦੇਸ਼ਾਂ ਨੂੰ ਨਿਗਲ ਲਵੇਗਾ। ਇਹ ਗਲੇਸ਼ੀਅਰ ਹੀ ਹਨ, ਜਿਨ੍ਹਾਂ ਵਿੱਚੋ ਪਾਣੀ ਰਿਸ-ਰਿਸ ਕੇ ਦਰਿਆ-ਨਦੀਆਂ ਹੋਂਦ ਵਿੱਚ ਆਈਆਂ, ਜਿਨ੍ਹਾਂ ਸਾਨੂੰ ਉਪਜਾਊ ਖਿੱਤੇ ਬਖਸ਼ੇ।

'ਇੰਟਰਨੈਸ਼ਨਲ ਕਮਿਸ਼ਨ ਫਾਰ ਸਨੋਅ ਐਂਡ ਆਈਸ' ਅਨੁਸਾਰ ਜੇ ਧਰਤੀ ਦਾ ਤਾਪਮਾਨ ਇਵੇਂ ਹੀ ਵਧਦਾ ਰਿਹਾ ਤਾਂ ਇਹ ਭਾਣਾ ਜਲਦੀ ਵੀ ਵਾਪਰ ਸਕਦਾ ਹੈ। 'ਵਰਕਿੰਗ ਗਰੁੱਪ ਆਫ ਹਿਮਾਲਿਆ ਗਲੇਸ਼ੀਆਲੋਜੀ' ਮੁਤਾਬਕ ਮੌਜੂਦਾ 5 ਲੱਖ ਵਰਗ ਕਿਲੋਮੀਟਰ ਦਾ ਹਿਮ-ਖੇਤਰ ਸੁੰਗੜ ਕੇ ਬਹੁਤ ਛੇਤੀ ਇਕ ਲੱਖ ਵਰਗ ਕਿ.ਮੀ. ਰਹਿ ਜਾਵੇਗਾ। ਇਸੇ ਤਪਸ਼ ਕਾਰਨ ਸਾਈਬੇਰੀਆ ਦੇ ਕਰੀਬ ਅੱਧਾ ਸੈਂਕੜਾ ਗਲੇਸ਼ੀਅਰ ਪਿਘਲਣ ਨਾਲ ਉੱਥੇ 2.4 ਤੋਂ 5.6 ਰੈਕਟਰ ਦੇ ਭੁਚਾਲ, ਜਿਥੇ ਭੁਚਾਲਾਂ ਦੇ ਖ਼ਤਰੇ ਕਿਤੇ ਘੱਟ ਸਨ, ਝਟਕੇ ਨੋਟ ਕੀਤੇ ਗਏ ਅਤੇ ਉਥੋਂ ਦੀ ਸ਼ੀਤ ਠੰਢ ਵੀ ਨਿੱਘ 'ਚ ਬਦਲ ਰਹੀ ਹੈ। ਮਨੁੱਖੀ ਡਗਰ ਇਹੋ ਰਹੀ ਤਾਂ ਗਲੇਸ਼ੀਅਰਾਂ, ਜੋ ਨਿਰਮਲ ਜਲ-ਕੁੰਡਾਂ ਅਤੇ ਦਰਿਆਵਾਂ ਦੇ ਜਨਮ ਸੋਮੇ ਹਨ, ਤੋਂ ਅਸੀਂ ਹੱਥ ਧੋ ਬੈਠਾਂਗੇ। ਫਿਰ 'ਬਿਨ ਪਾਣੀ ਸਬ ਸੂਨ' ਦੀ ਕਹਾਵਤ ਝੁਠਲਾਈ ਨਹੀਂ ਜਾ ਸਕੇਗੀ।

ਆਲਮੀ ਤਪਸ਼ (ਗਲੋਬਲ ਵਾਰਮਿੰਗ) ਦਾ ਮੁੱਖ ਜ਼ਿੰਮੇਵਾਰ ਉਹ ਧੜਵੈਲ ਧਨ-ਕੁਬੇਰ ਅਤੇ ਹਾਕਮ-ਜਮਾਤਾਂ ਹਨ, ਜਿਹਨਾਂ ਨੇ 'ਵਿਕਾਸ ਅਤੇ ਮਨੁੱਖ ਲਈ ਸਹੂਲਤਾਂ' ਦਾ ਮੁਖੌਟਾ ਪਹਿਨਿਆ ਹੋਇਆ ਹੈ। ਅਖੌਤੀ ਵਿਕਾਸ ਕੁਦਰਤ, ਮਨੁੱਖੀ ਕਦਰਾਂ-ਕੀਮਤਾਂ ਅਤੇ ਸੰਸਾਰ ਭਾਈਚਾਰੇ ਨੂੰ ਟਿੱਚ ਜਾਣਦਾ ਹੈ। ਇਸ ਨੇ ਮਾਇਆ ਦੀ ਅਣਦਿੱਸਦੀ ਪੈਂਖੜ ਨਾਲ ਨੂੜ ਦਿੱਤੇ ਗਏ ਬੰਦੇ ਨੂੰ ਫਾਹੂ-ਰੁਚੀਆਂ ਵੱਲ ਤੋਰ ਦਿੱਤਾ ਹੈ। ਕੁਦਰਤੀ ਵਿਕਾਸ ਦੇ ਸਹਿਜ-ਨਿਯਮਾਂ ਨੂੰ ਉਲੰਘ ਕੇ ਭੌਤਿਕ ਸਹੂਲਤਾਂ ਦੀ ਹਾਫਲੀ ਦੌੜ ਦੇ ਨਤੀਜੇ ਸਦਾ ਹੀ ਕਾਇਨਾਤ ਵਿਰੋਧੀ ਨਿਕਲਣਗੇ। ਬੰਦਾ ਤਦ ਹੀ ਬਚੇਗਾ, ਜੇ ਸਭ ਅਲਾਮਤਾਂ, ਸਮੇਤ ਆਲਮੀ ਤਪਸ਼ ਦੀਆਂ ਜ਼ਿੰਮੇਵਾਰ ਮਨੁੱਖੀ ਆਪ-ਹੁਦਰੀਆਂ ਨੂੰ ਅਲਵਿਦਾ ਆਖੀ ਜਾਵੇ। ਇਸ ਲਈ ਸਾਨੂੰ ਉਸ ਨਿਜ਼ਾਮ, ਜਿਸ ਨੇ ਮਨੁੱਖ ਨੂੰ ਬਜ਼ਾਰ ਦੀ ਚਕਾਚੌਂਧ ਵਿੱਚ ਉਲਝਾ ਲਿਆ ਹੈ, ਨੂੰ ਵੀ ਨਾਕਾਰਨਾ ਪਵੇਗਾ ਜਿਹੜਾ ਭਾਈਚਾਰਕ ਅਤੇ ਕੁਦਰਤੀ ਸਹਿਹੋਂਦ ਦੀ ਬਜਾਏ 'ਮੁਨਾਫਿਆਂ ਅਤੇ ਤਖ਼ਤਾਂ' ਮਗਰ ਹਾਫਲਿਆਂ ਫਿਰਦਾ ਹੈ।

ਦਰਅਸਲ, 'ਨਫ਼ੇ ਲਈ, ਦੌਲਤ ਲਈ ਅਤੇ ਹੋਰ ਦੌਲਤ ਹਥਿਆਉਣ ਲਈ, ਫਿਰ ਦੂਜਿਆ ਉੱਪਰ ਇਸੇ ਦੌਲਤ ਨਾਲ ਸੱਤਾ ਕਾਇਮ ਕਰਨ ਦੀ ਭੁੱਖ ਅਕਸਰ ਸਰਬੱਤ ਦੇ ਭਲੇ ਵਾਲੀਆਂ ਸਪੱਸ਼ਟ ਧਾਰਨਾਵਾਂ ਨੂੰ ਧੁੰਦਲਾਅ ਦਿੰਦੀ ਹੈ।' ਇਹੀ ਧੁੰਦਲਕਾ ਸਭ ਨੂੰ ਲੈ ਬੈਠੇਗਾ। ਵਧਦੀ ਆਬਾਦੀ ਦੀਆਂ ਜ਼ਰੂਰਤਾਂ ਅਤੇ ਭੌਤਿਕ ਸਹੂਲਤਾਂ ਪੈਦਾ ਕਰਨ ਦੇ ਬਹਾਨੇ ਭਾਰੀ ਮੁਨਾਫਿਆਂ ਦੀ ਕਾਰਪੋਰੇਟੀ-ਪ੍ਰਵਿਰਤੀ ਵਲੋਂ ਕੁਦਰਤੀ ਸਰੋਤਾਂ ਉੱਤੇ ਕੀਤੇ ਤਾਬੜ ਤੋੜ ਹੱਲਿਆਂ, ਬੇਕਿਰਕ ਖਣਨ ਨੇ ਜਲ-ਸਤ੍ਹਾ ਨੂੰ ਲਗਾਤਾਰ ਥੱਲੇ ਲਾਉਣ ਸਮੇਤ ਧਰਤੀ ਨੂੰ ਜਿਵੇਂ ਅੰਦਰੋ-ਅੰਦਰ ਖੋਖਲਾ ਕਰ ਦਿੱਤਾ ਹੈ, ਦੇ ਮਾਰੂ-ਸਿੱਟੇ ਕੁਝ ਸਾਲਾਂ ਵਿੱਚ ਹੀ ਸਾਹਮਣੇ ਆ ਜਾਣਗੇ। ਧਰਤੀ ਦਾ ਖੋਖਲਾਪਨ ਸਮੁੰਦਰੀ ਖਾਰੇ ਪਾਣੀ ਦਾ ਦੂਰ-ਦੁਰਾਢੇ ਖਿੱਤਿਆਂ ਵੱਲ ਰਿਸਾਵ ਸਮੇਤ, ਜ਼ਮੀਨ ਧੱਸ-ਦੁਰਘਟਨਾਵਾਂ ਅਤੇ ਪ੍ਰਿਥਵੀ ਦੇ ਸੰਤੁਲਨ ਨੂੰ ਜ਼ਰਬ ਦੇਵੇਗਾ। ਸਿੱਟਾ; ਧਰਤੀ ਦੀ ਚਾਲ ਗਤੀ 'ਚ ਥਰਥਰਾਹਟ ਨਾਲ ਭੁਚਾਲਾਂ ਦਾ ਖ਼ਤਰਾ ਵਧੇਗਾ ਅਤੇ ਰੁੱਤਾਂ 'ਚ ਤਿੱਖੀਆਂ ਤਬਦੀਲੀਆਂ ਹੋਣਗੀਆਂ। ਇਹ ਤਬਦੀਲੀਆਂ ਰੋਜ਼-ਮਰ੍ਹਾ / ਚਲੰਤ ਜੀਵਨ ਉੱਤੇ ਤਿੱਖਾ ਪ੍ਰਭਾਵ ਪਾਉਣਗੀਆਂ। ਇਹੀ ਨਹੀਂ ਆਲਮੀ ਉੱਥਲ-ਪੁੱਥਲਾਂ ਤਿੱਖੀਆਂ ਰਾਜਸੀ ਤਬਦੀਲੀਆਂ ਦਾ ਵਾਹਕ ਬਣਨਗੀਆਂ। ਕੁਦਰਤ ਅਤੇ ਲੋਕ-ਪੱਖੀ ਨਿਜ਼ਾਮ ਸਿਰਜਣ ਦਾ ਵੀ ਮੌਕਾ ਮਿਲੇਗਾ।

ਮੁੱਕਦੀ ਗੱਲ; ਹੱਥੀਂ ਸਿਰਜੇ, ਰੁੱਤ ਬਦਲਾਅ, ਮੀਂਹ ਅਨਿਯਮਤਾਂ ਅਤੇ ਸੁੱਕਦੇ ਜਾ ਰਹੇ ਜਲ ਸਰੋਤ ਧਰਤੀ ਦੇ ਗਰਮ ਮਿਜ਼ਾਜ ਦਾ ਵੀ ਸਿੱਟਾ ਹਨ। ਜੇ ਬਰਸਾਤ, ਜਿਸ ਬਾਰੇ ਪਤਾ ਨਹੀਂ ਕਿ ਕਿੰਨੀ ਕੁ ਪੈਣੀ ਹੈ ਜਾਂ ਨਹੀਂ ਪੈਣੀ, ਨੂੰ ਸ਼ਾਮਿਲ ਨਾ ਕੀਤਾ ਜਾਵੇ, ਤਦ ਵੀ ਖੁਦ-ਸਹੇੜੀ ਆਲਮੀ ਤਪਸ਼ ਕਾਰਨ ਬਹੁ-ਰੁੱਤਾਂ ਵਾਲਾ ਭਾਰਤੀ ਉਪ ਮਹਾਂਦੀਪ ਸਿਰਫ ਦੋ ਰੁੱਤਾਂ ਅਰਥਾਤ ਗਰਮੀ ਅਤੇ ਸਰਦੀ ਵਾਲਾ ਖਿੱਤਾ ਬਣ ਜਾਵੇਗਾ। ਇਨ੍ਹਾਂ ਦੋਵਾਂ ਰੁੱਤਾਂ ਦੀ ਵੀ ਨਾ ਸਿਰਫ ਸਮਾਂ-ਅਵਧੀ ਵੱਧ-ਘੱਟ ਹੋ ਰਹੀ ਹੈ, ਸਗੋਂ ਇਹਨਾਂ ਦੇ ਤਾਪਮਾਨ ਬਾਰੇ ਵੀ ਅਨਿਸਚਿਤਤਾ ਬਣੀ ਰਹਿੰਦੀ ਹੈ। ਭਾਵ; ਰੁੱਤਾਂ ਦੇ ਰਿਵਾਇਤੀ ਤਾਪਮਾਨ ਅਤੇ ਸਮੇਂ ਵਿੱਚ ਵੀ ਗੜਬੜ-ਚੌਥ ਹੋ ਗਈ ਹੈ। ਬਹੁ-ਰੁੱਤਾਂ ਤੋਂ ਦੋ ਜਾਂ ਤਿੰਨ ਰੁੱਤਾਂ 'ਚ ਸੁੰਗੜ ਜਾਣ ਦਾ ਅਰਥ ਹੈ, ਬਹੁ-ਭਾਂਤੀ ਵੰਨ-ਸੁਵੰਨਤਾ ਤੋਂ ਦੋ ਜਾਂ ਤਿੰਨ 'ਚ ਤਬਦੀਲ ਹੋ ਜਾਣਾ। ਤਦ ਨਾ ਤਾਂ ਰੁੱਤਾਂ, ਪੰਖੇਰੂਆਂ-ਜਨੌਰਾਂ ਦੀ ਵੰਨਗੀ ਥਿਆਵੇਗੀ ਅਤੇ ਨਾ ਹੀ ਇਸ ਬਹੁ-ਵੰਨਗੀ ਤਹਿਤ ਕੁਦਰਤ ਵਲੋਂ ਪਰੋਸੀਆਂ ਜਾਣ ਵਾਲੀਆਂ ਨਿਆਮਤਾਂ। ਬੰਦਾ, ਦੋ-ਰੁੱਤਾਂ ਦੀਆਂ ਪੈਦਾਵਾਰਾਂ ਨੂੰ ਖਾਣ-ਹੰਢਾਉਣ ਅਤੇ ਪਹਿਨਣ-ਪਚਰਨ ਲਈ ਨਰੜਿਆ ਜਾਵੇਗਾ। ਬਹੁ-ਭਾਂਤੀ ਬਨਸਪਤੀ ਅਤੇ ਜੀਵਾਂ ਦੇ ਖਾਤਮੇ ਦੀ ਤਾਂ ਗੱਲ ਛੱਡੋ, ਸਾਨੂੰ ਫਸਲੀ ਪ੍ਰਣਾਲੀ, ਘਰ-ਢਾਰਿਆਂ, ਕੱਪੜੇ-ਲੱਤੇ, ਰਹਿਣ ਸਹਿਣ, ਪਹਿਨਣ-ਪਚਰਨ, ਜੀ-ਪ੍ਰਚਾਵਿਆਂ 'ਚ ਤਿੱਖੀਆਂ ਤਬਦੀਲੀਆਂ ਕਰਨੀਆਂ ਪੈਣਗੀਆਂ, ਪਰ ਇਸ ਤੋਂ ਪਹਿਲਾਂ ਕਿ ਕੁਦਰਤ ਸਾਨੂੰ ਆਪਣਾ ਵਿਰਾਟ ਰੂਪ ਵਿਖਾਵੇ।

# ਸੰਪਰਕ : 94634-39075

# ਅਜੋਕੇ ਸਮਾਜ ਲਈ ਚੁਣੌਤੀ ਬਣਦੇ ਜਾ ਰਹੇ ਨੇ ਤਲਾਕ

ਗੁਰਪ੍ਰੀਤ ਸਿੰਘ ਜਖਵਾਲੀ

ਅੱਜ ਦਾ ਸਮਾਜ ਬੜੀ ਹੀ ਤੇਜ਼ੀ ਨਾਲ ਬਦਲ ਰਿਹਾ ਹੈ। ਇਸ ਬਦਲਦੇ ਸਮਾਜ ਨੇ ਅੱਜ ਦੇ ਲੋਕਾਂ ਦੀ ਜੀਵਨ ਸ਼ੈਲੀ, ਸੋਚ ਅਤੇ ਰਿਸ਼ਤਿਆਂ ਦੇ ਜਿਉਣ ਦਾ ਢੰਗ ਪਹਿਲਾਂ ਨਾਲੋਂ ਕਾਫ਼ੀ ਵੱਖਰੇ ਹੋ ਚੁੱਕੇ ਹਨ। ਇਸ ਬਦਲਾਅ ਦੇ ਨਾਲ ਇੱਕ ਹੋਰ ਗੰਭੀਰ ਸਮੱਸਿਆ ਵੀ ਵਧਦੀ ਜਾ ਰਹੀ ਹੈ, ਇਨਸਾਨੀ ਰਿਸ਼ਤਿਆਂ ਨੂੰ ਖੋਖਲਾ ਕਰਦੀ ਜਾ ਰਹੀ ਹੈ, ਜਿਵੇਂ ਕਿ ਪਤੀ-ਪਤਨੀ ਵਿਚਕਾਰ ਵੱਧ ਰਹੇ ਤਲਾਕ। ਜੇਕਰ ਵਿਚਲੇ ਸਮਿਆਂ ਵੱਲ ਨਿਗ੍ਹਾ ਮਾਰੀਏ ਤਾਂ ਪਹਿਲਾਂ ਵਿਆਹ ਨੂੰ ਇੱਕ ਪਵਿੱਤਰ ਅਤੇ ਜ਼ਿੰਦਗੀ ਭਰ ਦਾ ਰਿਸ਼ਤਾ ਮੰਨਿਆ ਜਾਂਦਾ ਸੀ, ਪਰ ਅੱਜ ਛੋਟੀਆਂ-ਛੋਟੀਆਂ ਗੱਲਾਂ ਕਾਰਨ ਵੀ ਰਿਸ਼ਤੇ ਟੁੱਟ ਰਹੇ ਹਨ। ਇਹ ਸਿਰਫ਼ ਦੋ ਵਿਅਕਤੀਆਂ ਦੀ ਵੱਖਰੇ ਹੋਣ ਦੀ ਘਟਨਾ ਨਹੀਂ ਹੁੰਦੀ, ਸਗੋਂ ਇਸ ਦਾ ਸਭ ਤੋਂ ਵੱਡਾ ਅਸਰ ਬੱਚਿਆਂ ਦੇ ਭਵਿੱਖ ਅਤੇ ਪੂਰੇ ਸਮਾਜ 'ਤੇ ਪੈਂਦਾ ਹੈ।

ਅੱਜ ਜੋ ਤਲਾਕ ਹੋ ਰਹੇ ਹਨ, ਇਹਨਾਂ ਦੇ ਪਿੱਛੇ ਕਈ ਕਾਰਨ ਹਨ, ਜਿਵੇਂ ਕਿ ਅੱਜ ਦੇ ਜੀਵਨ ਵਿੱਚ ਪਤੀ-ਪਤਨੀ ਸਹਿਨਸ਼ੀਲਤਾ ਦੀ ਘਾਟ, ਆਪਸੀ ਵਿਸ਼ਵਾਸ ਦੀ ਕਮੀ, ਗੁੱਸਾ, ਅਹੰਕਾਰ, ਆਰਥਿਕ ਦਬਾਅ ਅਤੇ ਪਰਵਾਰਕ ਸਮਝ ਦੀ ਘਾਟ ਮੁੱਖ ਕਾਰਨ ਬਣ ਰਹੇ ਹਨ। ਕਈ ਵਾਰ ਸੋਸ਼ਲ ਮੀਡੀਆ ਅਤੇ ਦੂਜਿਆਂ ਨਾਲ ਤੁਲਨਾ ਕਰਨ ਦੀ ਆਦਤ ਵੀ ਰਿਸ਼ਤਿਆਂ ਵਿੱਚ ਦੂਰੀ ਪੈਦਾ ਕਰਦੀ ਹੈ ਅਤੇ ਪਰਵਾਰ ਵਿੱਚ ਕਲੇਸ਼ ਦਾ ਕਾਰਨ ਬਣਦੀ ਹੈ। ਦੂਸਰੇ ਪਾਸੇ ਪਤੀ-ਪਤਨੀ ਇੱਕ ਦੂਜੇ ਨੂੰ ਸਮਝਣ ਦੀ ਬਜਾਏ ਆਪਣੀ ਗੱਲ ਮਨਵਾਉਣ ਨੂੰ ਵੱਧ ਮਹੱਤਵ ਦੇਣ ਲੱਗ ਪੈਂਦੇ ਹਨ। ਜਦੋਂ ਰਿਸ਼ਤਿਆਂ ਵਿੱਚ ਪਿਆਰ, ਸਹਿਣਸ਼ੀਲਤਾ ਅਤੇ ਗੱਲਬਾਤ ਘੱਟ ਹੋ ਜਾਂਦੀ ਹੈ, ਤਾਂ ਤਲਾਕ ਦੀ ਨੌਬਤ ਆ ਜਾਂਦੀ ਹੈ।



ਤਲਾਕ ਦਾ ਸਭ ਤੋਂ ਵੱਡਾ ਨੁਕਸਾਨ ਬੱਚਿਆਂ ਨੂੰ ਅਤੇ ਪਿੱਛੇ ਪਰਿਵਾਰਕ ਮੈਂਬਰਾਂ ਨੂੰ ਝੱਲਣਾ ਪੈਂਦਾ ਹੈ। ਮਾਪਿਆਂ ਦੇ ਵੱਖ ਹੋਣ ਨਾਲ ਬੱਚਿਆਂ ਦਾ ਮਨੋਵਿਗਿਆਨਕ ਸੰਤੁਲਨ ਪ੍ਰਭਾਵਤ ਹੁੰਦਾ ਹੈ। ਉਹ ਆਪਣੇ ਆਪ ਨੂੰ ਇਕੱਲਾ ਅਤੇ ਅਸੁਰੱਖਿਅਤ ਮਹਿਸੂਸ ਕਰਨ ਲੱਗਦੇ ਹਨ। ਕਈ ਬੱਚੇ ਡਰ, ਤਣਾਅ ਅਤੇ ਉਦਾਸੀ ਦਾ ਸ਼ਿਕਾਰ ਹੋ ਜਾਂਦੇ ਹਨ। ਉਹਨਾਂ ਦੀ ਪੜ੍ਹਾਈ, ਸੁਭਾਅ ਅਤੇ ਭਵਿੱਖ 'ਤੇ ਵੀ ਮਾੜਾ ਅਸਰ ਪੈਂਦਾ ਹੈ। ਕੁਝ ਬੱਚੇ ਗਲਤ ਸੰਗਤ ਵਿੱਚ ਪੈ ਜਾਂਦੇ ਹਨ, ਜਦ ਕਿ ਕੁਝ ਅੰਦਰੋ-ਅੰਦਰੀ ਹੀ ਘੁਟਦੇ ਰਹਿੰਦੇ ਹਨ। ਜਿਹੜੇ ਬੱਚੇ ਮਾਂ-ਪਿਉ ਦੇ ਪਿਆਰ ਅਤੇ ਸਹਾਰੇ ਤੋਂ ਵਾਂਝੇ ਰਹਿ ਜਾਂਦੇ ਹਨ, ਉਹਨਾਂ ਦੇ ਮਨ ਵਿੱਚ ਰਿਸ਼ਤਿਆਂ ਪ੍ਰਤੀ ਡਰ ਅਤੇ ਬੇ-ਭਰੋਸਾ ਪੈਦਾ ਹੋ ਸਕਦਾ ਹੈ।

ਤਲਾਕ ਸਿਰਫ਼ ਇੱਕ ਪਰਵਾਰ ਨੂੰ ਹੀ ਨਹੀਂ ਤੋੜਦਾ, ਸਗੋਂ ਸਮਾਜਿਕ ਢਾਂਚੇ ਅਤੇ ਰਿਸ਼ਤਿਆਂ ਦੇ ਵਿਸ਼ਵਾਸ ਨੂੰ ਵੀ ਕਮਜ਼ੋਰ ਕਰਦਾ ਹੈ। ਜਦੋਂ ਪਰਵਾਰ ਟੁੱਟਦੇ ਹਨ ਤਾਂ ਸਮਾਜ ਵਿੱਚ ਇਕੱਲਾਪਣ, ਤਣਾਅ ਅਤੇ ਬੇਚੈਨੀ ਵਧਦੀ ਹੈ। ਬੱਚਿਆਂ ਦੀ ਗਲਤ ਪਰਵਰਿਸ਼ ਨਾਲ ਭਵਿੱਖ ਵਿੱਚ ਸਮਾਜ ਨੂੰ ਵੀ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਤਲਾਕ ਦੀ ਵਧ ਰਹੀ ਗਿਣਤੀ ਅੱਜ ਦੇ ਸਮਾਜ ਲਈ ਇੱਕ ਵੱਡੀ ਚੁਣੌਤੀ ਬਣਦੀ ਜਾ ਰਹੀ ਹੈ।

ਇਸ ਦਾ ਹੱਲ ਵੀ ਸਮਝਦਾਰੀ ਅਤੇ ਸਹਿਣਸ਼ੀਲਤਾ ਵਿੱਚ ਹੀ ਹੈ। ਪਤੀ-ਪਤਨੀ ਨੂੰ ਚਾਹੀਦਾ ਹੈ ਕਿ ਉਹ ਹਰ ਮੁਸ਼ਕਲ ਨੂੰ ਸ਼ਾਂਤੀ ਅਤੇ ਗੱਲਬਾਤ ਨਾਲ ਹੱਲ ਕਰਨ ਦੀ ਕੋਸ਼ਿਸ਼ ਕਰਨ। ਪਰਵਾਰ ਦੇ ਵੱਡਿਆਂ ਦੀ ਸਲਾਹ ਅਤੇ ਆਪਸੀ ਆਦਰ ਵੀ ਰਿਸ਼ਤਿਆਂ ਨੂੰ ਮਜ਼ਬੂਤ ਬਣਾਉਂਦੇ ਹਨ। ਬੱਚਿਆਂ ਦੇ ਭਵਿੱਖ ਨੂੰ ਧਿਆਨ ਵਿੱਚ ਰੱਖਦੇ ਹੋਏ ਹਰ ਫੈਸਲਾ ਸੋਚ-ਸਮਝ ਕੇ ਲੈਣਾ ਚਾਹੀਦਾ ਹੈ। ਰਿਸ਼ਤੇ ਪਿਆਰ, ਵਿਸ਼ਵਾਸ ਅਤੇ ਸਮਝ ਅਤੇ ਪਤੀ-ਪਤਨੀ ਦੀ ਸਿਆਣਪ ਨਾਲ ਚੱਲਦੇ ਹਨ, ਨਾ ਹੀ ਗੁੱਸੇ, ਅਹੰਕਾਰ ਨਾਲ ਨਾ ਹੀ ਇੱਕ-ਦੂਜੇ ਨੂੰ ਨੀਵਾਂ ਵਿਖਾਉਣ ਨਾਲ ਰਿਸ਼ਤੇ ਕਦੇ ਵੀ ਬਰਾਬਰ ਨਹੀਂ ਨਿਭਦੇ।

ਆਓ, ਸਾਰੇ ਰਲ ਕੇ ਇਸ ਸਮਾਜ ਨੂੰ ਸੁੰਦਰ ਬਣਾਉਣ ਲਈ ਇਹ ਦੁਆਵਾਂ ਕਰੀਏ ਤੇ ਸਮਝੀਏ ਕਿ ਪਤੀ-ਪਤਨੀ ਦਾ ਰਿਸ਼ਤਾ ਸਮਾਜ ਦੀ ਮਜ਼ਬੂਤ ਨੀਂਹ ਹੁੰਦਾ ਹੈ। ਜੇ ਇਹ ਨੀਂਹ ਕਮਜ਼ੋਰ ਹੋਵੇਗੀ ਤਾਂ ਸਮਾਜ ਅਤੇ ਆਉਣ ਵਾਲੀ ਨਵੀਂ ਪੀੜ੍ਹੀ 'ਤੇ ਵੀ ਇਸ ਦਾ ਬਹੁਤ ਮਾੜਾ ਅਸਰ ਹੋਵੇਗਾ। ਇਸ ਲਈ ਹਰ ਕਿਸੇ ਨੂੰ ਰਿਸ਼ਤਿਆਂ ਦੀ ਮਹੱਤਤਾ ਸਮਝਣੀ ਚਾਹੀਦੀ ਹੈ ਅਤੇ ਬੱਚਿਆਂ ਦੇ ਚੰਗੇ ਭਵਿੱਖ ਲਈ ਪਰਿਵਾਰਕ ਇਕੱਤਰਤਾ ਨੂੰ ਕਾਇਮ ਰੱਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਖੁਸ਼ਹਾਲ ਜੀਵਨ ਬਤੀਤ ਕਰਨਾ ਚਾਹੀਦਾ ਹੈ।

# ਸੰਪਰਕ : 98550 36444

# ਕਿੱਤਾ ਮੁਖੀ ਸਿੱਖਿਆ ਅੱਜ ਦੇ ਸਮੇਂ ਦੀ ਲੋੜ



ਡਾ. ਜਗਰੂਪ ਸਿੰਘ

ਕਿਤਾ-ਮੁਖੀ ਸਿੱਖਿਆ, ਉਹ ਸਿੱਖਿਆ ਹੈ, ਜਿਸ ਨੂੰ ਹਾਸਿਲ ਕਰਕੇ ਕੋਈ ਵੀ ਵਿਦਿਆਰਥੀ ਨਾ ਸਿਰਫ ਆਪਣੇ ਪੈਰਾਂ 'ਤੇ ਖੜਾ ਹੋ ਸਕਦਾ ਹੈ, ਆਪਣੇ ਪਰਵਾਰ ਦਾ ਪੇਟ ਪਾਲ ਸਕਦਾ ਹੈ, ਸਗੋਂ ਆਪਣੇ ਕੌਸ਼ਲ, ਹੁਨਰ ਅਤੇ ਤਜਰਬੇ ਨਾਲ ਦੇਸ਼ ਦੀ ਵੱਡਮੁਲੀ ਸੇਵਾ ਵੀ ਕਰ ਸਕਦਾ ਹੈ। ਇਸ ਨੂੰ ਹੁਨਰਮੰਦ ਸਿੱਖਿਆ ਵੀ ਕਿਹਾ ਜਾਂਦਾ ਹੈ। ਹੁਨਰ ਦਾ ਅਰਥ ਹੈ ਕਿਸੇ ਖਾਸ ਕਲਾ ਖੇਤਰ ਜਾਂ ਤਕਨੀਕ ਵਿੱਚ ਦਕਸ਼ਤਾ ਹਾਸਿਲ ਕਰਨਾ, ਜਿਸ ਤਰਾਂ ਸੀ ਐਨ ਸੀ ਮਸ਼ੀਨਾਂ ਨੂੰ ਅਪਰੇਟ ਕਰਨਾ, ਏ ਸੀ ਜਾਂ ਫਰਿਜ ਰਿਪੇਅਰ ਕਰਨਾ, ਨਕਸ਼ੇ ਬਣਾਉਣਾ, ਪਲੰਬਿੰਗ ਦਾ ਕੰਮ ਕਰਨਾ, ਇਲੈਕਟਰੀਸ਼ਨ ਜਾਂ ਡੀਜ਼ਲ ਮਕੈਨਿਕ ਬਣਨਾ। ਕੋਈ ਸਮਾਂ ਸੀ, ਜਦੋਂ ਆਖਿਆ ਜਾਂਦਾ ਸੀ ਕਿ ਹਰ ਵਿਦਿਆਰਥੀ ਲਈ ਸਰਸਵਤੀ ਮਾਂ ਦੀ ਕਿਰਪਾ ਜ਼ਰੂਰੀ ਹੈ, ਉਹ ਵਿਦਿਆ ਦੀ ਦੇਵੀ ਹੈ, ਪਰ ਅਜੋਕੇ ਸਮੇਂ ਵਿੱਚ ਸਰਸਵਤੀ ਮਾਂ ਦੀ ਕਿਰਪਾ ਦੇ ਨਾਲ ਨਾਲ ਬਾਬਾ ਵਿਸ਼ਵਕਰਮਾ ਦਾ ਅਸ਼ੀਰਵਾਦ ਵੀ ਲਾਜ਼ਮੀ ਹੈ। ਬਾਬਾ ਵਿਸ਼ਕਰਮਾ ਕਿਰਤੀਆਂ ਦਾ ਦੇਵਤਾ। ਇੰਜੀਨੀਅਰਾਂ ਦਾ ਭਗਵਾਨ। ਇਸ ਲਈ ਭਾਰਤ ਵਿੱਚ ਵਸਦੇ 50 ਕਰੋੜ ਕਾਮਗਰਾਂ ਲਈ ਹੁੰਨਰਮੰਦ ਸਿੱਖਿਆ ਦੀ ਲੋੜ ਹੈ।

ਹੁਨਰ ਹਰ ਇੱਕ ਵਿੱਚ ਹੁੰਦਾ ਹੈ, ਕਿਸੇ ਦਾ ਛਿਪ ਜਾਂਦਾ ਹੈ ਕਿਸੇ ਦਾ ਛਪ ਜਾਂਦਾ ਹੈ...

ਕਿਸੇ ਦਾ ਮੱਠਾ ਰਹਿ ਜਾਂਦਾ ਹੈ, ਕਿਸੇ ਦਾ ਤਪ ਜਾਂਦਾ ਹੈ। ।

ਅੱਜ ਦੇ ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਸ਼ੌਂਕ, ਦਿਲਚਸਪੀ ਅਤੇ ਝੁਕਾਅ ਦੇ ਮੱਦੇਨਜ਼ਰ ਕਿਸੇ ਹੁਨਰ ਦੀ ਚੋਣ ਕਰਨ। ਚਾਹੇ ਤੁਸੀਂ ਕਾਮਰਸ ਦੇ ਵਿਦਿਆਰਥੀ ਹੋ, ਚਾਹੇ ਆਰਟਸ ਦੇ, ਪਰ ਤੁਹਾਡੇ ਕੋਲ ਕੋਈ ਕੌਸ਼ਲ ਜਾਂ ਹੁਨਰ ਚਾਹੀਦਾ ਹੈ। ਕਿੱਤਾ-ਮੁਖੀ ਸਿੱਖਿਆ ਦਾ ਖੇਤਰ ਵਿਸ਼ਾਲ ਸਮੁੰਦਰ ਦੀ ਤਰ੍ਹਾਂ ਹੈ। ਅਣਗਿਣਤ ਕੋਰਸ ਜਾਂ ਟਰੇਨਿੰਗ ਪ੍ਰੋਗਰਾਮ ਹਨ। ਲੜਕੇ ਅਤੇ ਲੜਕੀਆਂ ਦੋਵਾਂ ਲਈ। ਅਪੰਗ ਬੱਚੇ, ਪੜ੍ਹਾਈ ਛੱਡ ਚੁੱਕੇ ਵਿਦਿਆਰਥੀ, ਪੇਂਡੂ ਬੱਚੇ ਜਾਂ ਪਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀ ਵੀ ਆਪਣੀ ਮਨਪੰਸਦ ਦਾ ਕੋਰਸ ਕਰ ਸਕਦੇ ਹਨ। ਜਿਵੇਂ ਕੰਪਿਊਟਰ ਹਾਰਡਵੇਅਰ, ਸਾਫਟਵੇਅਰ, ਇਲੈਕਟਰੀਸ਼ੀਅਨ, ਡਰਾਫਟਸਮੈਨ, ਮੋਬਾਇਲ ਰਿਪੇਅਰ, ਆਰਟ ਐਂਡ ਕਰਾਫਟ, ਜੁਵੈਲਰੀ ਡਿਜ਼ਾਇਨ, ਆਟੋਮੋਬਾਇਲ ਟੈਸਟਿੰਗ ਐਂਡ ਰਿਪੇਅਰ, ਟੂਲ ਐਂਡ ਡਾਈ, ਮਲਟੀ ਮੀਡੀਆ, ਫੋਟੋਗ੍ਰਾਫੀ, ਇਨਟੀਰੀਅਰ ਡੀਜ਼ਾਇਨਿੰਗ, ਬਿਊਟੀਸ਼ੀਅਨ, ਫੈਸ਼ਨ ਡੀਜ਼ਾਇਨਿੰਗ, ਕਟਿੰਗ ਐਂਡ ਟੇਲਰਿੰਗ, ਕੈਡ-ਕੈਮ, ਟੂਰਿਜ਼ਮ ਐਂਡ ਹਾਸਪਿਟੈਲਿਟੀ, ਮੈਡੀਕਲ ਲੈਬ ਐਂਡ ਹੈੱਲਥ ਕੇਅਰ ਆਦਿ। ਇਸ ਤਰ੍ਹਾਂ ਦੇ ਸੈਂਕੜੇ ਕੋਰਸ ਇੰਟਰਨੈੱਟ 'ਤੇ ਉਪਲੱਬਧ ਹਨ। ਮਾਨਤਾ ਪ੍ਰਾਪਤ ਸੈਂਟਰਾਂ ਤੋਂ 6 ਮਹੀਨੇ ਜਾਂ ਇੱਕ ਸਾਲ ਦੇ ਇਹ ਕੋਰਸ ਕਰਕੇ ਤੁਸੀਂ ਆਤਮ ਨਿਰਭਰ ਬਣ ਸਕਦੇ ਹੋ। ਕਿਤੇ ਜਾਬ ਕਰ ਸਕਦੇ ਹੋ ਜਾਂ ਆਪਣਾ ਕੰਮ ਖੋਲ੍ਹ ਸਕਦੇ ਹੋ। ਜਿਨ੍ਹਾਂ ਪਰਵਾਰਾਂ ਕੋਲ ਮਾਇਕ ਸਾਧਨ ਹਨ ਜਾਂ ਜਿਹੜੇ ਵਿਦਿਆਰਥੀ ਸਿੱਖਿਅਤ ਕਾਮਿਆਂ ਤੋਂ ਕੁਝ ਵਧੇਰੇ ਬਣਨ ਦਾ ਟੀਚਾ ਰੱਖਦੇ ਹਨ, ਉਹਨਾਂ ਲਈ ਹੋਰ ਵੀ ਰਾਹਾਂ ਹਨ। ਵਿਦਿਆਰਥੀ ਦਸਵੀਂ ਤੋਂ ਬਾਅਦ ਦੋ ਸਾਲਾਂ ਦੀ ਆਈ ਟੀ ਆਈ ਜਾਂ ਤਿੰਨ ਸਾਲਾਂ ਦਾ ਡਿਪਲੋਮਾ ਕਰਕੇ ਤਕਨੀਸ਼ੀਅਨ ਜਾਂ ਓਵਰਸੀਅਰ ਬਣ ਸਕਦੇ ਹਨ। ਓਵਰਸੀਅਰ ਨੂੰ ਅੱਜਕੱਲ੍ਹ ਜੂਨੀਅਰ ਇੰਜੀਨੀਅਰ ਕਿਹਾ ਜਾਂਦਾ ਹੈ। ਇਹਨਾਂ ਡਿਪਲੋਮਾ ਕੋਰਸਾਂ ਵਿੱਚ ਸਿਵਲ, ਇਲੈਕਟਰੀਕਲ, ਮਕੈਨੀਕਲ, ਇਲੈਕਟਰਾਨਿਕਸ, ਕੰਪਿਊਟਰ, ਆਟੋਮੋਬਾਇਲ, ਲੈਦਰ ਤਕਨਾਲੋਜੀ, ਕੈਮੀਕਲ, ਫਾਰਮੇਸੀ ਆਦਿ ਵਿਦਿਆਰਥੀਆਂ ਨੂੰ ਆਕਰਸ਼ਿਤ ਕਰਦੇ ਹਨ। ਬਾਰ੍ਹਵੀਂ ਪਾਸ ਮੈਡੀਕਲ ਜਾਂ ਨਾਨ-ਮੈਡੀਕਲ ਦੇ ਵਿਦਿਆਰਥੀ ਸਿੱਧਾ ਹੀ ਲੀਟ ਐਂਟਰੀ ਰਾਹੀ ਡਿਪਲੋਮੇ ਦੇ ਦੂਜੇ ਸਾਲ ਵਿੱਚ ਪ੍ਰਵੇਸ਼ ਪਾ ਸਕਦੇ ਹਨ।

ਇਸੇ ਤਰ੍ਹਾਂ ਬਾਰਵੀ ਵੋਕੇਸ਼ਨਲ ਪਾਸ ਜਾਂ ਆਈ ਟੀ ਆਈ ਪਾਸ ਵਿਦਿਆਰਥੀਆਂ ਨੂੰ ਵੀ ਡਿਪਲੋਮੇ ਦੇ ਦੂਜੇ ਸਾਲ ਵਿੱਚ ਦਾਖਲਾ ਮਿਲ ਜਾਂਦਾ ਹੈ। ਇਹ ਵਿਦਿਆਰਥੀ ਡਿਪਲੋਮਾ ਪੂਰਾ ਕਰਕੇ ਲੀਟ ਰਾਹੀ ਹੀ ਬੀ ਟੈਕ ਦੇ ਦੂਜੇ ਸਾਲ ਵਿੱਚ ਪ੍ਰਵੇਸ਼ ਲੈ ਸਕਦੇ ਹਨ ਤੇ ਇੰਜੀਨੀਅਰ ਬਣਨ ਦਾ ਸੁਪਨਾ ਪੂਰਾ ਕਰ ਸਕਦੇ ਹਨ।

ਸਾਡੇ ਦੇਸ਼ ਦੀ 65 ਫੀਸਦੀ ਅਬਾਦੀ 35 ਸਾਲਾਂ ਤੋਂ ਘੱਟ ਹੈ। ਅਸੀਂ ਆਪਣੇ ਦੇਸ਼ ਨੂੰ ਯੁਵਾ ਦੇਸ਼ ਵੀ ਕਹਿ ਸਕਦੇ ਹਾਂ, ਪਰ ਯੁਵਾ ਵਰਗ ਦੀ ਇਹ ਅਸਲੀ ਤਾਕਤ ਲਾਈਨਾਂ ਵਿੱਚ ਲੱਗ ਕੇ ਵਿਦੇਸ਼ਾਂ ਵਿੱਚ ਜਾਣ ਨੂੰ ਪਾਗਲ ਹੋਈ ਪਈ ਹੈ। ਇਸ ਪਾਗਲਪਨ ਨੂੰ ਭਾਵੇ ਕਰੋਨਾ ਵਾਇਰਸ ਦੇ ਡਰ ਨੇ ਅਤੇ ਅਮਰੀਕਾ ਕੈਨੇਡਾ ਦੇ ਹੁਕਮਰਾਨਾਂ ਦੀਆਂ ਭਾਰਤ ਪ੍ਰਤੀ ਵਿਰੋਧੀ ਨੀਤੀਆਂ ਨੇ ਕੁਝ ਠੱਲ੍ਹ ਪਾਈ ਹੈ, ਪਰ ਇਹ ਅਸਥਾਈ ਹੈ। ਪੂਰਨ ਰੂਪ ਵਿੱਚ ਜੇ ਅਸੀਂ ਬਰੇਨ ਡਰੇਨ ਨੂੰ ਰੋਕਣਾ ਚਾਹੁੰਦੇ ਹਾਂ ਤਾਂ ਇਸ ਯੁਵਾ ਤਾਕਤ ਨੂੰ ਰੋਜ਼ਗਾਰ ਦੇਣਾ ਪਵੇਗਾ ਜਾਂ ਇਹਨਾਂ ਨੂੰ ਇੰਡਸਟਰੀ ਵਿੱਚ ਰੋਜ਼ਗਾਰ ਦੇ ਅਨੁਰੂਪ ਬਣਾਉਣ ਪਵੇਗਾ । ਜੇ ਅਸੀਂ ਕਾਮਯਾਬ ਹੋਏ, ਤਾਂ ਆਉਣ ਵਾਲੇ ਸਮੇਂ ਵਿੱਚ ਯੁਵਾ ਪੀੜ੍ਹੀ ਵਿਦੇਸ਼ਾਂ ਵਿੱਚ ਸੈਟਲ ਹੋਣ ਦੇ ਸੁਪਨੇ ਨੂੰ ਭੁੱਲ ਜਾਵੇਗੀ। ਬਾਹਰ ਰਹਿਣ ਵਾਲੇ ਵਿਦਿਆਰਥੀ ਵੀ ਪੰਜਾਬ ਨੂੰ ਵਾਪਸ ਮੁੜਨ ਲਗ ਪੈਣਗੇ, ਇਸੇ ਹੀ ਮਨਸ਼ਾ ਦੇ ਨਾਲ ਸਾਡੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 15 ਜੁਲਾਈ 2015 ਨੂੰ ਸਕਿਲ ਇੰਡੀਆ ਮਿਸ਼ਨ ਦੀ ਸ਼ੁਰੂਆਤ ਕੀਤੀ। ਇਹ ਉਹਨਾ ਦਾ ਡਰੀਮ ਪ੍ਰੋਜੈਕਟ ਹੈ, ਜਿਸ ਦਾ ਨਿਸ਼ਾਨਾ ਹੈ ਕਿ 2027 ਤੱਕ 65 ਕਰੋੜ ਤਕਨੀਕੀ ਰੂਪ ਵਿੱਚ ਸਕਸ਼ਮ ਸਿੱਖਿਅਤ ਕਾਮੇ ਭਾਰਤ ਵਿੱਚ ਪੈਦਾ ਕੀਤੇ ਜਾਣਗੇ। ਉਹ ਕਾਮੇ, ਜੋ ਇੰਡਸਟਰੀ ਦੀਆਂ ਲੋੜਾਂ ਦੇ ਅਨੁਸਾਰ ਤਿਆਰ ਹੋਣ, ਜਿਨ੍ਹਾਂ ਨੂੰ ਇੰਡਸਟਰੀ ਖੁਸ਼ੀ-ਖੁਸੀ ਰੋਜ਼ਗਾਰ ਦੇ ਸਕੇ। ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ ਇਸੇ ਹੀ ਮਿਸ਼ਨ ਦਾ ਹਿੱਸਾ ਹੈ, ਇਸੇ ਮਿਸ਼ਨ ਨੂੰ ਪੂਰਾ ਕਰਨ ਲਈ 'ਨੈਸ਼ਨਲ ਸਕਿਲ ਡਿਵੈਲਪਮੈਂਟ ਮਿਸ਼ਨ ਅਤੇ ਸਕਿਲ ਲੋਨ ਸਕੀਮ ਨੂੰ ਲਾਂਚ ਕੀਤਾ ਗਿਆ। ਇਹਨਾਂ ਯੋਜਨਾਵਾਂ ਨੂੰ ਜ਼ੋਰ-ਸ਼ੋਰ ਨਾਲ ਪ੍ਰਚਾਰਿਆ ਜਾ ਰਿਹਾ, ਤਾਂ ਜੋ ਸਾਡਾ ਨੌਜਵਾਨ ਜਾਗਰੂਕ ਹੋ ਸਕੇ। ਕੌਸ਼ਲ ਮੇਲੇ ਲਗਾਏ ਜਾ ਰਹੇ ਹਨ।

ਬੇਰੋਜ਼ਗਾਰੀ ਦੇ ਜਿੰਨ ਨੂੰ ਬੋਤਲ ਵਿੱਚ ਬੰਦ ਕਰਨ ਦਾ ਪ੍ਰਯਾਸ ਕੀਤਾ ਜਾ ਰਿਹਾ ਹੈ। ਵਿਦਿਆਰਥੀਆਂ ਨੂੰ ਟਰੇਨਿੰਗ ਲੈਣ ਲਈ ਸਟਾਈਪੈਂਡ (ਵਜ਼ੀਫਾ) ਦਿੱਤਾ ਜਾ ਰਿਹਾ ਹੈ। ਵਿਦਿਆਰਥੀਆਂ ਨੂੰ ਟਰੇਨਿੰਗ ਦੇਣ ਵਾਲੇ ਸੈਂਟਰਾਂ/ਕਾਲਜਾਂ ਨੂੰ ਹਦਾਇਤ ਹੈ ਕਿ ਗ੍ਰਾਂਟ ਦਾ ਆਖਰੀ ਹਿੱਸਾ ਤਾਂ ਹੀ ਪ੍ਰਾਪਤ ਹੋਵੇਗਾ, ਜੇ ਟਰੇਨਿੰਗ ਲੈਣ ਵਾਲੇ ਵਿਦਿਆਰਥੀਆਂ ਨੂੰ ਰੋਜ਼ਗਾਰ ਪ੍ਰਾਪਤ ਹੋਵੇਗਾ। ਜੇਕਰ ਅਸੀਂ ਸਕਿਲ ਇੰਡੀਆ ਮਿਸ਼ਨ ਦੇ ਟੀਚੇ ਨੂੰ ਪੂਰਾ ਕਰਨ ਲਈ 65 ਕਰੋੜ ਸਿੱਖਿਅਤ ਕਾਮੇ ਤਿਆਰ ਕਰਦੇ ਹਾਂ ਤਾਂ ਇਹਨਾਂ ਨੂੰ ਰੁਜ਼ਗਾਰ ਮੁਹੱਈਆ ਕਰਾਉਣ ਲਈ ਸਾਨੂੰ ਨਵੇਂ ਉਦਯੋਗ, ਨਵੇਂ ਕਾਰਖਾਨੇ ਅਤੇ ਨਵੇਂ ਉਦਮਾਂ ਦੀ ਲੋੜ ਹੈ। ਜੋ ਨਵੇਂ ਇੰਟਰਪ੍ਰੀਨੀਅਰ ਹੀ ਲਿਆ ਸਕਦੇ ਹਨ। ਹਿੰਦੁਸਤਾਨ ਵਿੱਚ ਹਰ ਇੱਕ ਨੂੰ ਨੌਕਰੀ ਸੰਭਵ ਨਹੀਂ। ਇਸ ਲਈ ਲੋੜ ਹੈ ਨਵੇਂ ਯੁਵਾ ਉਦਮੀ ਪੈਦਾ ਕੀਤੇ ਜਾਣ, ਤਾਂ ਜੋ ਅਸੀਂ ਰੋਜ਼ਗਾਰ ਕੇਦਰਾਂ ਦੀਆਂ ਲਾਈਨਾਂ ਨੂੰ ਛੱਡ ਕੇ ਖੁਦ ਨਵੇਂ ਰੁਜਗਾਰ ਦੇ ਮੌਕੇ ਪੈਦਾ ਕਰੀਏ। ਜਾਬ ਸੀਕਰ ਦਾ ਟੈਗ ਛੱਡ ਕੇ ਜਾਬ ਗਿਵਰ ਬਣੀਏ। ਕਿਤਾ-ਮੁਖੀ ਸਿੱਖਿਆ ਹੀ ਉਹ ਹਲ ਹੈ, ਜਿਸ ਨਾਲ ਉੱਤਰ ਭਾਰਤ ਵਿੱਚ ਵਗਦੇ ਨਸ਼ੇ ਦੇ ਛੇਵੇਂ ਦਰਿਆ ਨੂੰ ਠੱਲ੍ਹ ਪਾ ਸਕਦੇ ਹਾਂ। ਮੈਨੂੰ ਯਕੀਨ ਹੈ: 'ਹੱਥ ਵਿੱਚ ਹੁਨਰ ਹੈ ਤਾਂ ਮੁਸੀਬਤਾਂ ਦਾ ਹੱਲ ਵੀ ਨਿਕਲੇਗਾ।'

ਰਾਤ ਦੇ ਹਨੇਰਿਆਂ ਪਿਛੋਂ ਸੁਨਹਿਰਾ 'ਕੱਲ੍ਹ' ਵੀ ਨਿਕਲੇਗਾ।

-ਪ੍ਰਿੰਸੀਪਲ ਮੇਹਰ ਚੰਦ ਪੋਲੀਟੈਕਨਿਕ ਕਾਲਜ, ਜਲੰਧਰ

# ਸੰਪਰਕ : 98786-15600

